इसके द्वारा सभी संबंधित लोगों को सूचित किया जाता है कि कंपनी अधिनियम, 2013 की धारा 110 और धारा 108, कंपनी (प्रबंधन एवं प्रशासन) नियम, 2014 के नियम 20 और 22 तथा अधिनियम और नियमों के अन्य लागू प्रावधानों, कॉरपोरेट कार्य मंत्रालय (MCA) द्वारा समय-समय पर जारी किए गए सर्कुलर और अधिसूचनाओं, भारतीय प्रतिभूति एवं विनिमय बोर्ड (लिस्टिंग दायित्व एवं प्रकटीकरण आवश्यकताएँ) विनियम, 2015 (लिस्टिंग विनियम), सचिवीय मानक ऑन जनरल मीटिंग्स (SS-2), जो इंस्टीट्यूट ऑफ कंपनी सेक्रेटरीज ऑफ इंडिया द्वारा जारी किया गया है, तथा अन्य लागू कानूनों, नियमों और विनियमों (जिनमें समय-समय पर किए गए वैधानिक संशोधन या पुनः लागू किए गए प्रावधान भी शामिल हैं) के अनुसार, कंपनी के सदस्यों की मंजूरी प्राप्त करने के लिए नीचे दिए गए प्रस्तावों पर डाक मतपत्र के माध्यम से मतदान कराया जा रहा है। यह मतदान दूरस्थ ई-वोटिंग के माध्यम से होगा।

प्रस्तावों का विवरण

1. 15,033 अप्रदत्त इक्विटी शेयरों को रद्द करने की मंजूरी का सामान्य प्रस्ताव।
2. प्रबंध निदेशक श्री शलिल शशिकुमार श्रॉफ (DIN: 00015621) को उनके शेष कार्यकाल के लिए, जो 15 जनवरी, 2027 से शुरू होकर 14 जनवरी, 2029 तक रहेगा, पारिश्रमिक देने की मंजूरी का विशेष प्रस्ताव।
3. श्री शिवशंकर श्रीपाल तिवारी (DIN: 00019058), गैर-कार्यकारी गैर-स्वतंत्र निदेशक, को सेबी (लिस्टिंग दायित्व एवं प्रकटीकरण आवश्यकताएँ) विनियम, 2015 के विनियम 17(6) के अनुसार पारिश्रमिक के भुगतान की मंजूरी का विशेष प्रस्ताव।

सामान्य सर्कुलर संख्या 09/2024 दिनांक 7 सितंबर, 2024, सामान्य सर्कुलर संख्या 14/2020 दिनांक 8 अप्रैल, 2020 तथा सामान्य सर्कुलर संख्या 17/2020 दिनांक 13 अप्रैल, 2020 के साथ पढ़े जाने वाले अन्य संबंधित सर्कुलर, इसके बाद जारी किए गए सामान्य सर्कुलर संख्या 03/2025 दिनांक 22 सितंबर, 2025 और डाक मतपत्र संबंधी नोटिस (Notice) के अनुसार, कंपनी ने इस नोटिस के साथ एक व्याख्यात्मक विवरण (Explanatory Statement) भी जारी किया है, जिसमें उपरोक्त प्रस्तावों से संबंधित सभी महत्वपूर्ण जानकारियाँ दी गई हैं। कंपनी ने शुक्रवार, 30 अक्टूबर, 2026 को निर्धारित अंतिम तिथि के अनुसार, कंपनी के डिपॉजिटरी प्रतिभागियों, रजिस्ट्रार एवं ट्रांसफर एजेंट के पास उपलब्ध सदस्यों के नामों के आधार पर इस नोटिस को इलेक्ट्रॉनिक रूप से भेजा है। इस नोटिस की कोई भी भौतिक प्रति (हार्ड कॉपी), डाक मतपत्र फॉर्म या पहले से भुगतान किया हुआ व्यावसायिक लिफाफा नहीं भेजा जाएगा। यह नोटिस कंपनी की वेबसाइट पर भी निम्नलिखित लिंक पर उपलब्ध है:

इसके अतिरिक्त, यह नोटिस बॉम्बे स्टॉक एक्सचेंज लिमिटेड (www.bseindia.com) और नेशनल स्टॉक एक्सचेंज ऑफ इंडिया लिमिटेड (www.nseindia.com) की वेबसाइटों पर भी उपलब्ध है। कंपनी की इक्विटी शेयरों की सूची इन दोनों स्टॉक एक्सचेंजों में दर्ज है। यह नोटिस सेंट्रल डिपॉजिटरी सर्विसेज (इंडिया) लिमिटेड (www.evotingindia.com) की वेबसाइट पर भी उपलब्ध रहेगा।

कंपनी ने अपने सभी सदस्यों को दूरस्थ ई-वोटिंग की सुविधा उपलब्ध कराने के लिए सेंट्रल डिपॉजिटरी सर्विसेज (इंडिया) लिमिटेड की सेवाएँ ली हैं। रिमोट ई-वोटिंग की सुविधा निम्नलिखित अवधि के दौरान उपलब्ध रहेगी:

ई-वोटिंग शुरू होने की तिथि एवं समय	**शुक्रवार, 6 नवंबर, 2026 को सुबह 9:00 बजे से प्रारम्भ**
ई-वोटिंग समाप्त होने की तिथि एवं समय	**शनिवार, 5 दिसंबर, 2026 को शाम 5:00 बजे तक**
मतदान की पात्रता निर्धारित करने की अंतिम तिथि (कट-ऑफ डेट)	**शुक्रवार, 30 अक्टूबर, 2026**

मतदान का अधिकार कट-ऑफ तिथि (निर्धारित अंतिम तिथि) को सदस्यों के पास मौजूद इक्विटी शेयरों की संख्या के आधार पर तय किया जाएगा। जो व्यक्ति कट-ऑफ तिथि को कंपनी का सदस्य नहीं है, वह इस सूचना को केवल जानकारी के उद्देश्य से ही समझे। सीडीएसएल (CDSL), **शनिवार, 5 दिसंबर, 2026** को भारतीय मानक समय (IST) के अनुसार शाम 5:00 बजे के तुरंत बाद ई-वोटिंग की सुविधा बंद कर देगा। इसके बाद मतदान की अनुमति नहीं होगी। सदस्य अपना मत **केवल रिमोट ई-वोटिंग** (दूरस्थ इलेक्ट्रॉनिक मतदान) के माध्यम से ही अपनी सहमति या असहमति के रूप में दर्ज करा सकते हैं।

जिन सदस्यों ने अपना ई-मेल पता अपडेट नहीं कराया है, उनसे अनुरोध है कि वे इलेक्ट्रॉनिक रूप में रखे गए अपने शेयरों के संबंध में अपने डिपॉजिटरी पार्टिसिपेंट के माध्यम से डिपॉजिटरी में तथा भौतिक रूप में रखे गए शेयरों के संबंध में कंपनी के रजिस्ट्रार एवं ट्रांसफर एजेंट, अलंकित असाइनमेंट्स लिमिटेड को ई-मेल rta@alankit.com पर अथवा डाक द्वारा निम्नलिखित पते पर पत्र भेजकर अपना ई-मेल पता पंजीकृत कराएं: अलंकित हाउस, 4ई/2, झंडेवालान एक्सटेंशन, नई दिल्ली – 110055, भारत।

निदेशक मंडल ने श्री पी. एस. दुआ (सदस्यता संख्या 4552, प्रैक्टिस प्रमाणपत्र संख्या 3934) को डाक मतपत्र की प्रक्रिया की निष्पक्ष एवं पारदर्शी तरीके से जांच करने के लिए परीक्षक (स्क्रूटिनाइज़र) के रूप में नियुक्त किया है।

रिमोट ई-वोटिंग (दूरस्थ इलेक्ट्रॉनिक मतदान) से संबंधित किसी भी शिकायत के लिए, यदि कोई हो, तो निम्नलिखित अधिकारी से संपर्क किया जा सकता है: सुश्री रिशु चेटली, कंपनी सचिव एवं अनुपालन अधिकारी, पंजाब केमिकल्स एंड क्रॉप प्रोटेक्शन लिमिटेड, माइलस्टोन 18, अंबाला-कालका रोड, भांखरपुर, डेराबस्सी, जिला एस.ए.एस. नगर, मोहाली–140201। ई-मेल: info@punjabchemicals.com / investorhelp@punjabchemicals.com, फोन: 01762-280086। शेयरधारक श्री राकेश दलवी, वरिष्ठ प्रबंधक, सेंट्रल डिपॉजिटरी सर्विसेज (इंडिया) लिमिटेड (सीडीएसएल), ए विंग, 25वीं मंजिल, मैराथन फ्यूचरेक्स, मफतलाल मिल्स कंपाउंड्स, एन. एम. जोशी मार्ग, लोअर परेल (पूर्व), मुंबई–400013 से भी संपर्क कर सकते हैं अथवा helpdesk.evoting@cdslindia.com पर ई-मेल भेज सकते हैं या टोल-फ्री नंबर 1800 21 09911 पर कॉल कर सकते हैं।

वैकल्पिक रूप से, सदस्य www.evotingindia.com वेबसाइट के हेल्प (सहायता) अनुभाग में उपलब्ध अक्सर पूछे जाने वाले प्रश्नों (FAQs) एवं ई-वोटिंग संबंधी मार्गदर्शिका देख सकते हैं अथवा helpdesk.evoting@cdslindia.com पर ई-मेल भेज सकते हैं या टोल-फ्री नंबर 1800 21 09911 पर संपर्क कर सकते।

ई-वोटिंग की प्रक्रिया की जांच पूरी होने के बाद, परीक्षक (स्क्रूटिनाइज़र) अपनी रिपोर्ट कंपनी के अध्यक्ष अथवा अध्यक्ष द्वारा अधिकृत किसी अन्य व्यक्ति को सौंपेंगे। रिमोट ई-वोटिंग समाप्त होने के बाद दो कार्य दिवसों के भीतर परिणाम घोषित कर दिए जाएंगे। इसकी सूचना उन स्टॉक एक्सचेंजों को भी दी जाएगी, जहां कंपनी के इक्विटी शेयर सूचीबद्ध हैं। इसके अतिरिक्त, परिणाम कंपनी की वेबसाइट www.punjabchemicals.com तथा सीडीएसएल की वेबसाइट www.evotingindia.com पर भी प्रदर्शित किए जाएंगे।

पंजाब केमिकल्स एंड क्रॉप प्रोटेक्शन लिमिटेड के लिए
एसडी/-
रिशु चेटली, कंपनी सचिव एवम् अनुपालन अधिकारी
एसीएस 19932

स्थान: डेराबस्सी
दिनांक: 3 नवंबर, 2026

केनरा बैंक Canara Bank

(भारत सरकार का उपक्रम) (A Govt. of India Undertaking)

सिंडिकेट Syndicate

ई-नीलामी बिक्री सूचना

केनरा बैंक :- वसूली विभाग, पंचकूला
संपर्क सं: 7009727632, 6395959753, ई-मेल: rocpcarec@canarabank.com

ई-नीलामी बिक्री सूचना

वित्तीय परिसंपत्तियों के प्रतिभूतिकरण और पुनर्निर्माण तथा प्रतिभूति हित प्रवर्तन अधिनियम, 2002 एवं प्रतिभूति हित (प्रवर्तन) नियम, 2002 के नियम 8 (6) के अंतर्गत अचल परिसंपत्तियों की बिक्री सूचना,

[illegible] (BAANKNET (M/s PSB Alliance Pvt Ltd) [illegible] support.BAANKNET@psballiance.com [illegible]

क्रम संख्या 01: बयाना राशि प्राप्त होने की अंतिम तिथि 09.12.2026 (शाम 05:00 बजे तक) है।

क्रम संख्या 01: ई-नीलामी की अंतिम तिथि 10.12.2026 है (समयः दोपहर 12:30 बजे से दोपहर 1:30 बजे तक)।

क्र. सं.	शाखा का नाम/कर्जदार/गारंटर का नाम और पता	संपत्तियों का विवरण	निर्दिष्ट तिथि के अनुसार कुल देनदारियां	आरक्षित मूल्य (रु. में)	बयाना राशि (रु. में)	खाता सं. का विवरण / आईएफएससी कोड / कब्जा सूचना
01	केनरा बैंकः कालका शाखा अधिकृत अधिकारीः श्री अनिल कुमार, (मो.) 70871–10792, श्री राजेश यादव – सीनियर मैनेजर (मोबाइल नंबर रू 94170–97604) ई-मेलः cb2570@canarabank.com	[illegible]	[illegible]	रु. 19,74,000/-	रु. 1,97,400/-	209272434 / CNRB0002570 / सांकेतिक कब्जा

[illegible] 133302

अन्य नियम और शर्तें:

[illegible] https://www.bankeauctions.com [illegible] RTGS/NEFT [illegible] UTR [illegible] https://BAANKNET.in/ [illegible] BAANKNET [illegible] support.BAANKNET@psballiance.com [illegible] CNRB0002570 [illegible] NOC [illegible] cb2570@canarabank.com [illegible] BAANKNET [illegible] support.BAANKNET@procure247.com [illegible]

विशेष निर्देश / सावधानी

[illegible]

सरफैसी अधिनियम, 2002 के तहत वैधानिक 30 दिन का बिक्री सूचना

तिथि: 05.11.2026 स्थान: पंचकूला प्राधिकृत अधिकारी, केनरा बैंक

ਅਕਾਲੀ ਦਲ ਪੁਨਰ ਸੁਰਜੀਤ ਅੱਜ ਵੀ ਹੁਕਮਨਾਮੇ 'ਤੇ ਕਾਇਮ : ਗਿਆਨੀ ਹਰਪ੍ਰੀਤ ਸਿੰਘ



ਕਿਹਾ, ਤਖ਼ਤ ਤੋਂ ਭਗੌੜੇ ਇਕ ਵਿਅਕਤੀ ਜਾਂ ਧੜੇ ਦੀ ਗ਼ੁਲਾਮੀ ਕਬੂਲ ਕਰਨਾ ਪੰਥਕ ਏਕਤਾ ਨਹੀਂ

ਚੰਡੀਗੜ੍ਹ, 5 ਨਵੰਬਰ (ਭੁੱਲਰ): ਸੀਨੀਅਰ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਅਤੇ ਕੁੱਝ ਹੋਰ ਆਗੂਆਂ ਵਲੋਂ ਅਕਾਲੀ ਦਲ ਪੁਨਰ ਸੁਰਜੀਤ ਤੋਂ ਵੱਖ ਹੋਣ ਬਾਅਦ ਪਾਰਟੀ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਅਪਣੀ ਪ੍ਰਤੀਕਿਰਿਆ ਦਿੰਦੇ ਹੋਏ ਸਪੱਸ਼ਟ ਕਰ ਦਿਤਾ ਹੈ ਕਿ ਅਕਾਲੀ ਦਲ ਪੁਨਰ ਸੁਰਜੀਤ ਅੱਜ ਵੀ ਅਕਾਲ ਤਖ਼ਤ ਤੋਂ ਜਾਰੀ ਹੁਕਮਨਾਮੇ ਅਤੇ ਸਿਧਾਂਤਾਂ ਉਪਰ ਖੜਾ ਹੈ। ਉਨ੍ਹਾਂ ਕਿਹਾ ਕਿ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵਾਪਰਿਆ ਘਟਨਾਕ੍ਰਮ ਪੰਥ ਦੀਆਂ ਭਾਵਨਾਵਾਂ ਦੀ ਸਹੀ ਨੁਮਾਇੰਦਗੀ ਕਰਦਾ ਹੈ, ਜਿਥੇ ਸਿੰਘ ਸਾਹਿਬਾਨ ਦੇ ਪੰਚਾਇਤੀ ਫ਼ੈਸਲੇ ਵਿਚ ਪੰਥ ਦੀ ਨੁਮਾਇੰਦਾ ਜਮਾਤ ਨੂੰ ਪੁਨਰ-ਸੁਰਜੀਤ ਕਰਨ ਦੇ ਆਦੇਸ਼ ਹੋਏ ਸਨ। ਪੁਰਾਣੀ ਲੀਡਰਸ਼ਿਪ ਸੱਤਾ ਦੇ ਲਾਲਚ ਵਿਚ ਭ੍ਰਿਸ਼ਟ ਹੋਣ ਕਾਰਨ ਅਪਣੇ ਕੀਤੇ ਗੁਨਾਹ ਕਬੂਲ ਕਰ ਕੇ ਪੰਥ ਦੀ ਨੁਮਾਇੰਦਗੀ ਕਰਨ ਦਾ ਨੈਤਿਕ ਅਧਿਕਾਰ ਗਵਾ ਚੁੱਕੀ ਸੀ। ਉਸ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਪੱਸ਼ਟ ਆਦੇਸ਼ ਆਇਆ ਸੀ ਕਿ ਦੁਬਾਰਾ ਵਰਕਰ ਭਰਤੀ ਕਰ ਕੇ ਨਵੀਂ ਲੀਡਰਸ਼ਿਪ ਨੂੰ ਉਭਾਰਿਆ ਜਾਵੇ। 11 ਅਗੱਸਤ 2025 ਨੂੰ ਉਨ੍ਹਾਂ ਆਦੇਸ਼ਾਂ ਦੀ ਰੌਸ਼ਨੀ ਵਿਚ ਹੀ ਧਰਤੀ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਪੁਨਰ-ਸੁਰਜੀਤੀਕਰਨ ਹੋਇਆ ਸੀ। ਉਸ ਵੇਲੇ ਦੇ ਜਨਰਲ ਇਜਲਾਸ ਵਿਚ ਨਵੀਂ ਲੀਡਰਸ਼ਿਪ ਨੂੰ ਉਭਾਰਿਆ ਗਿਆ ਸੀ ਜਿਸ ਵਿਚ ਸ਼ਾਮਲ ਰਹੇ ਆਗੂ ਉਸ ਸਾਰੇ ਘਟਨਾਕ੍ਰਮ ਨਾਲ ਪੂਰੀ ਤਰ੍ਹਾਂ ਸਹਿਮਤ ਸਨ। ਗਿਆਨੀ ਹਰਪ੍ਰੀਤ ਸਿੰਘ ਨੇ ਅੱਗੇ ਕਿਹਾ ਕਿ ਇਸ ਸਾਰੇ ਘਟਨਾਕ੍ਰਮ ਵਿਚ ਸ਼ਾਮਲ ਰਹੇ ਲੋਕਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਖ਼ੁਦ ਚਲ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਗਏ ਸਨ। ਜਿਥੇ ਉਨ੍ਹਾਂ ਵਲੋਂ ਸੱਤਾ ਤੋਂ ਬਾਹਰ ਹੋਣ ਸਮੇਂ ਨਿਜੀ ਲਾਲਸਾਵਾਂ ਤਹਿਤ ਹੋਏ ਗੁਨਾਹਾਂ ਵਿਚ ਸ਼ਮੂਲੀਅਤ ਜਾਂ ਚੁੱਪ ਰਹਿਣ ਦਾ ਗੁਨਾਹ ਲਿਖਤ ਰੂਪ ਵਿਚ ਕਬੂਲ ਕੀਤਾ ਸੀ। ਉਨ੍ਹਾਂ ਦੇ ਇਸ ਕਬੂਲਨਾਮੇ 'ਤੇ ਕਾਰਵਾਈ ਕਰਨ ਬਦਲੇ ਹੀ ਤਿੰਨ ਸਿੰਘ ਸਾਹਿਬਾਨ ਨੂੰ ਅਪਣੇ ਅਹੁਦਿਆਂ ਤੋਂ ਜ਼ਲੀਲ ਕਰ ਕੇ ਵੱਖ ਕੀਤਾ ਗਿਆ। ਉਨ੍ਹਾਂ ਨੇ ਕਿਹਾ ਮੈਂ ਜਾਣਦਾ ਹਾਂ ਜਿਹੜੇ ਸ੍ਰੀ ਅਕਾਲ ਤਖ਼ਤ ਦੇ ਆਦੇਸ਼ ਨਾਲ ਖੜ੍ਹਨ ਦੀ ਬਜਾਏ ਨਿਜੀ ਹਿਤਾਂ ਖ਼ਾਤਰ ਵੱਖ-ਵੱਖ ਚੁੱਲ੍ਹਿਆਂ ਵੱਲ ਝਾਕ ਰੱਖਦੇ ਰਹੇ, ਉਹ ਤਿੰਨ ਸਿੰਘ ਸਾਹਿਬਾਨ ਵਲੋਂ ਸਿਧਾਂਤ ਨਾਲ ਖੜੇ ਰਹਿਣ ਬਦਲੇ ਦਿਤੀ ਕੁਰਬਾਨੀ ਦੀ ਕੀ ਕਦਰ ਕਰਨਗੇ? ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰ ਕੇ ਇਸ ਪਾਰਟੀ ਦਾ ਆਗਾਜ਼ ਕੀਤਾ ਗਿਆ ਸੀ ਤੇ ਉਸ ਵੇਲੇ ਅਰਦਾਸ ਵਿਚ ਸ਼ਾਮਲ ਨੇਤਾਵਾਂ ਨੇ ਪਾਰਟੀ ਪ੍ਰਤੀ ਵਫ਼ਾਦਾਰੀ ਦਾ ਅਹਿਦ ਲਿਆ ਸੀ। ਅਰਦਾਸ ਰਾਹੀਂ ਇਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਗੁਰੂ ਅੱਗੇ ਪ੍ਰਗਟਾਈ ਵਚਨਬੱਧਤਾ ਤੋਂ ਅੱਜ ਸੱਤਾ ਦੇ ਲਾਲਚ ਵਿਚ ਮੁਨਕਰ ਹੋਣ ਵਾਲੇ ਨੇਤਾ ਨੂੰ ਇਸ ਦੁਨੀਆਂ ਵਿਚ ਵੀ ਜਵਾਬਦੇਹ ਹੋਣਾ ਪਵੇਗਾ ਤੇ ਗੁਰੂ ਅੱਗੇ ਵੀ ਇਹ ਲੋਕ ਜਵਾਬਦੇਹ ਹੋਣਗੇ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭਗੌੜੇ ਕਿਸੇ ਇਕ ਵਿਅਕਤੀ ਜਾਂ ਧੜੇ ਦੀ ਗ਼ੁਲਾਮੀ ਕਬੂਲਣ ਨੂੰ ਪੰਥਕ ਏਕਤਾ ਨਹੀਂ ਕਿਹਾ ਜਾ ਸਕਦਾ। ਪਾਰਟੀ ਦੀ ਵਰਚੂਅਲ ਮੀਟਿੰਗ ਵਿਚ ਸਰਪ੍ਰਸਤ ਰਵੀਇੰਦਰ ਸਿੰਘ, ਸਕੱਤਰ ਜਨਰਲ ਗੁਰਪ੍ਰਤਾਪ ਸਿੰਘ ਵਡਾਲਾ, ਸੀਨੀਅਰ ਮੀਤ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ, ਪਰਮਿੰਦਰ ਸਿੰਘ ਢੀਂਡਸਾ, ਗੋਬਿੰਦ ਸਿੰਘ ਲੌਂਗੋਵਾਲ, ਸਰਵਣ ਸਿੰਘ ਫ਼ਿਲੌਰ, ਕਰਨੈਲ ਸਿੰਘ ਪੀਰ ਮੁਹੰਮਦ, ਭੁਪਿੰਦਰ ਸਿੰਘ ਸ਼ੇਖ਼ੂਪੁਰ, ਸ. ਹਰਵੇਲ ਸਿੰਘ ਮਾਧੋਪੁਰ, ਭਰਪੂਰ ਸਿੰਘ ਧਾਂਦਰਾ ਆਦਿ ਸ਼ਾਮਲ ਸਨ।

ਅਟਾਰੀ-ਵਾਹਗਾ ਸਰਹੱਦ ਰਾਹੀਂ ਪਾਕਿਸਤਾਨੀ ਸਿੱਖ ਜਥਾ ਪਰਤਿਆ ਵਤਨ

ਅੰਮ੍ਰਿਤਸਰ, 5 ਨਵੰਬਰ (ਬਹੋੜੂ): ਭਾਰਤ ਦੇ ਪ੍ਰਮੁੱਖ ਇਤਿਹਾਸਕ ਅਤੇ ਪਵਿੱਤਰ ਗੁਰਧਾਮਾਂ ਦੇ ਦਰਸ਼ਨ ਕਰਨ ਤੋਂ ਬਾਅਦ ਪਾਕਿਸਤਾਨ ਤੋਂ ਆਏ 49 ਸਿੱਖ ਸ਼ਰਧਾਲੂਆਂ ਦਾ ਜਥਾ ਅਪਣੀ ਕਰੀਬ ਇਕ ਮਹੀਨੇ ਦੀ ਅਧਿਆਤਮਕ ਯਾਤਰਾ ਪੂਰੀ ਕਰ ਕੇ ਅਟਾਰੀ-ਵਾਹਗਾ ਸਰਹੱਦ ਰਾਹੀਂ ਸੁਰੱਖਿਅਤ ਅਪਣੇ ਵਤਨ ਪਰਤ ਗਿਆ। ਨਨਕਾਣਾ ਸਾਹਿਬ (ਪਾਕਿਸਤਾਨ) ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਆਏ ਇਸ ਜਥੇ ਨੇ ਸ੍ਰੀ ਹੇਮਕੁੰਟ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਅਤੇ ਦਿੱਲੀ ਦੇ ਵੱਖ-ਵੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕੀਤੇ। ਇਸ ਦੌਰਾਨ ਸ਼ਰਧਾਲੂਆਂ ਨੇ ਦੋਵਾਂ ਦੇਸ਼ਾਂ ਵਿਚਕਾਰ ਅਮਨ-ਸ਼ਾਂਤੀ ਅਤੇ ਆਪਸੀ ਭਾਈਚਾਰੇ ਦੀ ਅਰਦਾਸ ਵੀ ਕੀਤੀ। ਇਸ ਯਾਤਰਾ ਦੌਰਾਨ ਸ਼ਰਧਾਲੂਆਂ ਨੂੰ ਵਾਪਸੀ ਸਮੇਂ ਸਫ਼ਰ ਦੇ ਰਸਤੇ ਸਬੰਧੀ ਥੋੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

ਸੰਸਦ ਮੈਂਬਰ ਸੰਧੂ ਦੀ ਪੁਸਤਕ 'ਗੁਰਦੁਆਰਾ ਸ੍ਰੀ ਲਖਪਤ ਸਾਹਿਬ : ਸੇਵਾ ਅਤੇ ਸੰਭਾਲ' ਲੋਕ ਅਰਪਣ



ਸੰਸਦ ਮੈਂਬਰ ਸੰਧੂ ਦੀ ਪੁਸਤਕ ਜਾਰੀ ਕਰਨ ਸਮੇਂ ਗਿਆਨੀ ਰਘਬੀਰ ਸਿੰਘ ਤੇ ਹੋਰ।

'ਪ੍ਰਧਾਨ ਮੰਤਰੀ ਮੋਦੀ ਦਾ ਸਿੱਖ ਭਾਈਚਾਰੇ ਨਾਲ ਵਿਸ਼ੇਸ਼ ਰਿਸ਼ਤਾ : ਸੰਧੂ

ਅੰਮ੍ਰਿਤਸਰ, 5 ਨਵੰਬਰ (ਬਹੋੜੂ) : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ, ਸ੍ਰੀ ਅਨੰਦਪੁਰ ਸਾਹਿਬ ਦੇ ਸਾਬਕਾ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਪ੍ਰੋ: ਮਨਜੀਤ ਸਿੰਘ ਅਤੇ ਸਿੱਖ ਸੰਤ ਸਮਾਜ ਦੇ ਮੈਂਬਰਾਂ ਨੇ ਵੀਰਵਾਰ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਦੀ ਪੁਸਤਕ 'ਗੁਰਦੁਆਰਾ ਸ੍ਰੀ ਲਖਪਤ ਸਾਹਿਬ: ਸੇਵਾ ਅਤੇ ਸੰਭਾਲ' ਲੋਕ ਅਰਪਣ ਕੀਤੀ। ਗੁਰਦੁਆਰਾ ਲਖਪਤ ਸਾਹਿਬ ਗੁਜਰਾਤ ਦੇ ਪ੍ਰਧਾਨ ਜੁਗਰਾਜ ਸਿੰਘ ਅਨੁਸਾਰ, ਪੰਜਾਬੀ ਅਤੇ ਹਿੰਦੀ ਵਿਚ ਪ੍ਰਕਾਸ਼ਤ, ਇਹ ਕੱਛ ਗੁਰਦੁਆਰੇ ਦੇ ਇਤਿਹਾਸ ਅਤੇ ਬਹਾਲੀ ਨੂੰ ਸਮਰਪਤ ਪਹਿਲੀ ਪੁਸਤਕ ਹੈ। ਇਹ ਗੁਰੂ ਨਾਨਕ ਦੇਵ ਜੀ ਦੀਆਂ ਦੋ ਉਦਾਸੀਆਂ ਨਾਲ ਸਬੰਧਤ ਅਸਥਾਨ ਨੂੰ ਦਸਤਾਵੇਜ਼ੀ ਰੂਪ 'ਚ ਪੇਸ਼ ਕਰਦਾ ਹੈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਗਿਆਨੀ ਰਘਬੀਰ ਸਿੰਘ ਅਤੇ ਪ੍ਰੋ: (ਡਾ.) ਮਨਜੀਤ ਸਿੰਘ ਸਾਬਕਾ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਦਿ ਨੇ ਸ਼ਿਰਕਤ ਕੀਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਨਿਭਾ ਚੁੱਕੇ ਗਿਆਨੀ ਰਘਬੀਰ ਸਿੰਘ ਨੇ ਇਸ ਪੁਸਤਕ ਨੂੰ ਭਾਰਤ ਦੀਆਂ ਸਾਰੀਆਂ ਪ੍ਰਮੁੱਖ ਭਾਸ਼ਾਵਾਂ ਵਿਚ ਪ੍ਰਕਾਸ਼ਤ ਕਰਨ ਦਾ ਸੱਦਾ ਦਿਤਾ, ਤਾਂ ਜੋ ਨੌਜਵਾਨ ਪਾਠਕ ਲਖਪਤ ਸਾਹਿਬ ਬਾਰੇ ਜਾਣ ਸਕਣ। ਪ੍ਰੋਫ਼ੈਸਰ ਮਨਜੀਤ ਸਿੰਘ ਨੇ ਕਿਹਾ ਕਿ ਇਹ ਪੁਸਤਕ ਨੌਜਵਾਨ ਪਾਠਕਾਂ ਨੂੰ ਸਿੱਖ ਗੁਰੂਆਂ ਨਾਲ ਜੁੜੇ ਅਸਥਾਨਾਂ ਬਾਰੇ ਜਾਣਨ ਅਤੇ ਉੱਥੇ ਜਾਣ ਲਈ ਉਤਸ਼ਾਹਤ ਕਰ ਸਕਦੀ ਹੈ। ਇਸ ਮੌਕੇ ਸਤਨਾਮ ਸਿੰਘ ਸੰਧੂ ਨੇ ਕਿਹਾ,"ਗੁਰਦੁਆਰਾ ਸ੍ਰੀ ਨਾਨਕ ਦਰਬਾਰ ਲਖਪਤ ਸਾਹਿਬ ਸਿੱਖਾਂ ਲਈ ਬਹੁਤ ਵੱਡੀ ਅਧਿਆਤਮਕ ਅਤੇ ਇਤਿਹਾਸਕ ਮਹੱਤਤਾ ਰਖਦਾ ਹੈ, ਕਿਉਂਕਿ ਇਹ ਉਨ੍ਹਾਂ ਵਿਰਲੇ ਗੁਰਧਾਮਾਂ ਵਿਚੋਂ ਇਕ ਹੈ ਜਿਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਦੋ ਉਦਾਸੀਆਂ ਦੌਰਾਨ ਉਨ੍ਹਾਂ ਦੀ ਚਰਨ-ਛੋਹ ਪ੍ਰਾਪਤ ਹੋਈ ਸੀ। ਇਸ ਪੁਸਤਕ ਨੂੰ ਲਿਖਣ ਦੌਰਾਨ, ਜਦੋਂ ਮੈਂ ਇਸ ਇਤਿਹਾਸਕ ਗੁਰਦੁਆਰੇ ਦੇ ਦਰਸ਼ਨ ਕੀਤੇ, ਤਾਂ ਉੱਥੇ ਸੁਰੱਖਿਅਤ ਰੱਖੀਆਂ ਗਈਆਂ ਦੁਰਲੱਭ ਨਿਸ਼ਾਨੀਆਂ ਨੂੰ ਦੇਖਣਾ ਬਹੁਤ ਹੀ ਭਾਵੁਕ ਤਜਰਬਾ ਸੀ। ਇਹ ਇਤਿਹਾਸਕ ਗੁਰਦੁਆਰਾ ਸਿੱਖ ਕੌਮ ਦੇ ਸਨਮਾਨ, ਮਾਣ ਅਤੇ ਵੱਕਾਰ ਲਈ ਪ੍ਰਧਾਨ ਮੰਤਰੀ ਮੋਦੀ ਦੁਆਰਾ ਕੀਤੇ ਗਏ ਅਣਥੱਕ ਯਤਨਾਂ ਦੀ ਇਕ ਸ਼ਾਨਦਾਰ ਮਿਸਾਲ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦਾ ਸਿੱਖ ਭਾਈਚਾਰੇ ਨਾਲ ਇਕ ਖ਼ਾਸ ਰਿਸ਼ਤਾ ਹੈ ਅਤੇ ਉਨ੍ਹਾਂ ਨੇ ਸਿੱਖ ਕਦਰਾਂ-ਕੀਮਤਾਂ, ਸਭਿਆਚਾਰ ਤੇ ਵਿਰਾਸਤ ਨੂੰ ਸੁਰੱਖਿਅਤ ਰੱਖਣ, ਉਤਸ਼ਾਹਤ ਕਰਨ ਲਈ ਬੇਮਿਸਾਲ ਕਦਮ ਚੁੱਕੇ ਹਨ।

ਗੁਰਿੰਦਰ ਬਾਵਾ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦਾ ਸੇਵਾ ਕਾਰਜ ਆਰੰਭਣ ਦਾ ਕੀਤਾ ਐਲਾਨ



ਅੰਮ੍ਰਿਤਸਰ, 5 ਨਵੰਬਰ (ਸੁਖਵਿੰਦਰਜੀਤ ਸਿੰਘ ਬਹੋੜੂ): ਹਾਈ ਕੋਰਟ ਦੇ ਫ਼ੈਸਲੇ ਅਨੁਸਾਰ ਮਹਾਰਾਸ਼ਟਰ ਸਰਕਾਰ ਵਲੋਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਬੋਰਡ ਨੂੰ ਮੁੜ ਬਹਾਲ ਕਰ ਦਿਤਾ ਗਿਆ ਜਿਸ ਉਪਰੰਤ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਬੋਰਡ ਦੇ ਮੀਤ ਪ੍ਰਧਾਨ ਅਤੇ ਮਹਾਰਾਸ਼ਟਰ ਦੇ ਉੱਘੇ ਸਿੱਖ ਆਗੂ ਸ. ਗੁਰਿੰਦਰ ਸਿੰਘ ਬਾਵਾ ਵਲੋਂ ਤਖ਼ਤ ਸਾਹਿਬ ਵਿਖੇ ਸੰਗਤ ਦੀ ਸੇਵਾ, ਸਹੂਲਤ ਤੇ ਸਟਾਫ਼ ਦੀ ਭਲਾਈ ਲਈ ਅਨੇਕਾਂ ਨਵੇਂ ਭਲਾਈ ਦੇ ਕਾਰਜ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਤਖ਼ਤ ਸ੍ਰੀ ਹਜ਼ੂਰ ਸਾਹਿਬ ਬੋਰਡ ਦੇ ਮੀਤ ਪ੍ਰਧਾਨ ਸ. ਗੁਰਿੰਦਰ ਸਿੰਘ ਬਾਵਾ ਨੇ ਦਸਿਆ ਕਿ ਅਸੀਂ ਭਵਿੱਖ ਵਿਚ ਸੰਗਤ ਦੀ ਸਹੂਲਤ ਅਤੇ ਸਟਾਫ਼ ਦੀ ਭਲਾਈ ਲਈ ਬਹੁਤ ਸਾਰੀਆਂ ਨਵੀਆਂ ਸੇਵਾਵਾਂ ਪ੍ਰਦਾਨ ਕਰਨ ਜਾ ਰਹੇ ਹਾਂ, ਜਿਸ ਵਿਚ ਸੰਗਤ ਅਤੇ ਸਟਾਫ਼ ਲਈ ਰਿਹਾਇਸ਼ੀ ਇਮਾਰਤਾਂ, ਹਸਪਤਾਲ, ਸਿਖਿਆ ਆਦਿ ਸ਼ਾਮਲ ਹੈ। ਉਨ੍ਹਾਂ ਅੱਗੇ ਦਸਿਆ ਕਿ ਇਸ ਸਾਲ, ਬੰਦੀ ਛੋੜ ਪੁਰਬ, ਦੀਵਾਲੀ ਅਤੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਹੁੰਦੇ ਹੋਏ ਸਾਰੇ ਕਰਮਚਾਰੀਆਂ ਜਿਨ੍ਹਾਂ ਵਿਚ ਸਫ਼ਾਈ, ਦਿਹਾੜੀਦਾਰ ਆਦਿ ਸ਼ਾਮਲ ਹਨ, ਨੂੰ ਗੁਰਦੁਆਰਾ ਬੋਰਡ ਵਲੋਂ 50 ਪ੍ਰਤੀਸ਼ਤ ਤਨਖ਼ਾਹ ਬੋਨਸ ਵਜੋਂ ਦਿਤੀ ਜਾਵੇਗੀ। ਬਾਵਾ ਨੇ ਦਸਿਆ ਕਿ ਗੁਰਦੁਆਰਾ ਬੋਰਡ ਦੀ ਸੂਚੀ ਅਨੁਸਾਰ ਸਾਰੀਆਂ ਵਿਧਵਾਵਾਂ, ਮਾਵਾਂ ਅਤੇ ਭੈਣਾਂ ਨੂੰ ਗੁਰਦੁਆਰਾ ਬੋਰਡ ਵਲੋਂ 1000 ਰੁਪਏ ਦੀਵਾਲੀ ਦਾ ਤੋਹਫ਼ਾ ਦਿਤਾ ਜਾਵੇਗਾ। ਬਾਵਾ ਅਤੇ ਉਨ੍ਹਾਂ ਦੇ ਸਹਿਯੋਗੀ ਮੈਂਬਰਾਂ ਵਲੋਂ ਇਹ ਵੀ ਫ਼ੈਸਲਾ ਕੀਤਾ ਗਿਆ ਹੈ ਕਿ ਤਖ਼ਤ ਸਾਹਿਬ ਕੰਪਲੈਕਸ ਵਿਚ ਚਾਰ ਸਾਹਿਬਜ਼ਾਦੇ ਐਮ ਆਰ ਆਈ ਅਤੇ ਸੀ ਆਰਐਮ ਅਤੇ ਸੀਟੀ ਸਕੈਨ ਸੈਂਟਰ ਖੋਲ੍ਹਿਆ ਜਾਵੇਗਾ ਜਿਸ ਵਿਚ ਅਤੀ ਆਧੁਨਿਕ ਸੀਮੇਂਸ ਕੰਪਨੀ ਦੀਆਂ ਮਸ਼ੀਨਾ ਲਗਾਈਆ ਜਾਣਗੀਆਂ ਅਤੇ ਉਸ ਨਾਲ ਐਕਸਰੇ, ਪੈਥੋਲੋਜੀ ਲੈਬ ਖ਼ੂਨ ਦੀ ਜਾਂਚ, ਈਸੀਜੀ ਆਦਿ ਹੋਰ ਮਸ਼ੀਨਾਂ ਵੀ ਲਗਾਈ ਜਾਣਗੀਆਂ ਜਿਸ ਵਿਚ ਦੁਨੀਆਂ ਭਰ ਵਿਚ ਸੱਭ ਤੋਂ ਘੱਟ ਦਰਾਂ ਤੇ ਹਰ ਤਰ੍ਹਾਂ ਦੇ ਟੈਸਟ ਕੀਤੇ ਜਾਣਗੇ। ਇਸ ਸਾਰੇ ਪ੍ਰੋਜੈਕਟ ਦੀ ਕੀਮਤ ਲਗਭਗ 15 ਕਰੋੜ ਰੁਪਏ ਹੋਵੇਗੀ। ਹੈਦਰਾਬਾਦ ਦੇ ਗੁਰੂ ਘਰ ਦੇ ਪ੍ਰੇਮੀ, ਸ. ਮਹਿੰਦਰ ਸਿੰਘ ਸਲੂਜਾ, ਦੇ ਸਹਿਯੋਗ ਨਾਲ ਤਖ਼ਤ ਸਾਹਿਬ ਵਿਖੇ ਬਿਜਲੀ ਦੀ ਪੂਰਤੀ ਲਈ ਇਕ ਸੋਲਰ ਸਿਸਟਮ ਲਗਾਉਣਗੇ ਜਿਸ ਦੀ ਕੁਲ ਕੀਮਤ ਲਗਭਗ 5 ਕਰੋੜ ਰੁਪਏ ਹੋਵੇਗੀ। ਇਸ ਸੋਲਰ ਸਿਸਟਮ ਦੇ ਸਥਾਪਤ ਹੋਣ ਤੋਂ ਬਾਅਦ ਤਖ਼ਤ ਸਾਹਿਬ ਦੇ ਸਾਲਾਨਾ ਬਿਜਲੀ ਬਿੱਲ ਵਿਚ ਜੋ ਵੀ ਬੱਚਤ ਹੋਵੇਗੀ, ਉਸ ਨਾਲ ਗੁਰਸਿੱਖ ਬੱਚਿਆਂ ਦੀ ਸਿਖਿਆ ਲਈ ਵਰਤੀ ਜਾਵੇਗੀ। ਬਾਵਾ ਨੇ ਕਿਹਾ ਕਿ ਅਸੀ ਸੰਗਤ ਦੀ ਸੇਵਾ ਲਈ ਵਚਨਬੱਧ ਹਾਂ ਤੇ ਸੰਗਤ ਦੀ ਸਹੂਲਤ ਲਈ ਦਿਨ ਰਾਤ ਯਤਨ ਕਰਦੇ ਰਹਾਂਗੇ। ਬਾਵਾ ਨੇ ਦੁਨੀਆਂ ਭਰ ਵਿਚ ਵਸਦੀਆਂ ਸਿੱਖ ਸੰਗਤਾਂ ਅਤੇ ਹਜ਼ੂਰੀ ਸੰਗਤ ਨੂੰ ਅਪੀਲ ਕੀਤੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਕਿਰਪਾ ਕਰ ਕੇ ਜੋ ਸੇਵਾ ਉਨ੍ਹਾਂ ਦੀ ਝੋਲੀ ਪਾਈ ਹੈ ਸਾਰੀ ਸੰਗਤ ਅਪਣਾ ਸਹਿਯੋਗ ਦੇਵੇ ਅਤੇ ਮਿਲ ਕੇ ਇਕਜੁਟ ਹੋ ਕੇ ਗੁਰੂ ਘਰ ਦੀਆਂ ਖ਼ੁਸ਼ੀ ਪ੍ਰਾਪਤ ਕਰੇ।

ਦੀਵਾਲੀ ਅਤੇ ਬੰਦੀਛੋੜ ਦਿਵਸ ਮੌਕੇ ਭਾਈ ਮੰਡ ਪੜ੍ਹਨਗੇ ਕੌਮ ਦੇ ਨਾਮ ਸੰਦੇਸ਼



ਅੰਮ੍ਰਿਤਸਰ, 5 ਨਵੰਬਰ (ਸੁਖਵਿੰਦਰਜੀਤ ਸਿੰਘ ਬਹੋੜੂ): 8 ਨਵੰਬਰ ਨੂੰ ਦੁਪਹਿਰ 3.30 ਵਜੇ ਦੀਵਾਲੀ ਅਤੇ ਬੰਦੀਛੋੜ ਦਿਵਸ ਦੇ ਸ਼ੁਭ ਅਵਸਰ 'ਤੇ ਸੇਵਾ ਸਿਮਰਨ ਤੇ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਥਿਤ ਮੀਰੀ ਅਤੇ ਪੀਰੀ ਦੇ ਪ੍ਰੇਰਨਾ ਸਰੋਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੰਨ 2015 ਦੇ ਸਰਬੱਤ ਖ਼ਾਲਸਾ ਸੰਮੇਲਨ ਦੌਰਾਨ ਸਰਬ ਸੰਮਤੀ ਨਾਲ ਥਾਪੇ ਗਏ ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ ਕੌਮ ਦੇ ਨਾਮ ਸੰਦੇਸ਼ ਪੜ੍ਹਨਗੇ। ਭਾਈ ਮੰਡ ਇਹ ਸੰਦੇਸ਼ ਸਰਬੱਤ ਖ਼ਾਲਸਾ ਸੰਮੇਲਨ ਵਲੋਂ ਸਰਬਸੰਮਤੀ ਨਾਲ ਥਾਪੇ ਗਏ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੀ ਗ਼ੈਰ ਮੌਜੂਦਗੀ ਵਿਚ ਇਹ ਅਹਿਮ ਜ਼ਿੰਮੇਵਾਰੀ ਨਿਭਾਉਂਦੇ ਆ ਰਹੇ ਹਨ ਤੇ ਇਸ ਵਾਰ ਵੀ ਨਿਭਾਉਣਗੇ। ਇਸ ਗੱਲ ਦੀ ਜਾਣਕਾਰੀ ਸੰਨ 2015 ਦੇ ਸਰਬੱਤ ਖ਼ਾਲਸਾ ਸੰਮੇਲਨ ਦੇ ਮੁੱਖ ਪ੍ਰਬੰਧਕ ਭਾਈ ਜਰਨੈਲ ਸਿੰਘ ਸਖੀਰਾ ਵਲੋਂ ਅੱਜ ਇਥੇ ਦਿਤੀ ਗਈ। ਉਨ੍ਹਾਂ ਦਸਿਆ ਕਿ ਭਾਈ ਮੰਡ ਕੌਮ ਅਤੇ ਪੰਥ ਦੀ ਅਜ਼ੀਮ ਧਾਰਮਕ ਸ਼ਖ਼ਸੀਅਤ ਹਨ ਜਿਨ੍ਹਾਂ ਦੇ ਰੌਸ਼ਨ ਦਿਮਾਗ਼ ਦੀ ਉਪਜ ਸ਼ਬਦਾਂ ਤੋਂ ਕੌਮ ਅਤੇ ਪੰਥ ਦਾ ਵਾਕਫ਼ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਵਿਸ਼ਵ ਪਧਰੀ ਸਿੱਖਾਂ ਨੂੰ ਧਿਆਨ ਸਿੰਘ ਮੰਡ ਦਾ ਸੰਦੇਸ਼ ਸੁਣਨ ਅਤੇ ਉਸ ਉਤੇ ਅਮਲ ਕਰਨ ਦੀ ਅਪੀਲ ਵੀ ਕੀਤੀ ਹੈ।

ਡਾ. ਹਰਵਿੰਦਰ ਭੱਟੀ ਦੀ ਕਾਵਿ-ਕਿਤਾਬ 'ਚੁਰਾਸੀਨਾਮਾ' ਹੋਈ ਲੋਕ ਅਰਪਣ



ਡਾ. ਹਰਵਿੰਦਰ ਭੱਟੀ ਦੀ ਕਾਵਿ-ਕਿਤਾਬ ਜਾਰੀ ਕਰਨ ਸਮੇਂ ਭਾਈ ਰਣਜੀਤ ਸਿੰਘ, ਰਮੇਸ਼ਇੰਦਰ ਸਿੰਘ ਤੇ ਹੋਰ।

ਭਾਈ ਰਣਜੀਤ ਸਿੰਘ ਤੇ ਰਮੇਸ਼ਇੰਦਰ ਸਿੰਘ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਸਮਾਗਮ ਵਿਚ ਪਹੁੰਚੀਆਂ

ਚੰਡੀਗੜ੍ਹ, 5 ਨਵੰਬਰ (ਭੁੱਲਰ): ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫ਼ੈਸਰ ਤੇ ਸਮਾਜਕ ਵਿਸ਼ਲੇਸ਼ਣਕਾਰ ਡਾ. ਹਰਵਿੰਦਰ ਸਿੰਘ ਭੱਟੀ ਦੀ ਕਾਵਿ ਪੁਸਤਕ 'ਚੁਰਾਸੀਨਾਮਾ' ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ, ਪੰਜਾਬ ਦੇ ਸਾਬਕਾ ਮੁੱਖ ਸਕੱਤਰ ਰਮੇਸ਼ ਇੰਦਰ ਸਿੰਘ, ਪੰਜਾਬੀ ਲੋਕ ਵਿਰਾਸਤ ਅਕਾਦਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ, ਪੰਜਾਬੀ ਅਕਾਦਮੀ ਦਿੱਲੀ ਦੇ ਸਾਬਕਾ ਸਕੱਤਰ ਗੁਰਭੇਜ ਸਿੰਘ ਗੁਰਾਇਆ, ਸੀਨੀਅਰ ਪੱਤਰਕਾਰ ਜਗਤਾਰ ਸਿੰਘ ਭੁੱਲਰ, ਦਲਜੀਤ ਸਿੰਘ ਸ਼ਾਹੀ ਤੇ ਦਵਿੰਦਰ ਪਾਲ ਨੇ ਅਰਪਣ ਕੀਤੀ। ਜਗਤਾਰ ਸਿੰਘ ਭੁੱਲਰ ਨੇ ਬੋਲਦਿਆਂ ਕਿਹਾ ਕਿ 47 ਤੋਂ 84 ਤਕ ਪੰਜਾਬ ਨੂੰ ਲੁੱਟਣ-ਕੁੱਟਣ ਅਤੇ ਮਾਰਨ ਵਾਲੇ ਕੌਣ ਸਨ? ਅੱਜ ਤਕ ਵੀ ਹਨੇਰਾ ਢੋਅ ਰਹੇ ਹਾਂ। ਲੋਕਾਂ ਨੂੰ ਇਨਸਾਫ਼ ਨਹੀਂ ਮਿਲਿਆ। ਪ੍ਰੋ. ਗੁਰਭਜਨ ਸਿੰਘ ਗਿੱਲ ਨੇ 1984 ਦੇ 10 ਨਵੰਬਰ ਦੇ ਨੇੜੇ ਦੀ ਗੱਲ ਕਰਦਿਆਂ ਕਿਹਾ ਕਿ ਜਦੋਂ ਰੇਲਗੱਡੀਆਂ, ਬੱਸਾਂ ਤੇ ਅਪਣੇ ਵਹੀਕਲਜ਼ ਰਾਹੀਂ ਦਿੱਲੀ,ਕਾਨਪੁਰ ਨੂੰ ਛੱਡ ਕੇ ਲੁਧਿਆਣਾ ਨੂੰ ਸੁਰੱਖਿਅਤ ਸਮਝਦੇ ਹੋਏ ਉਥੋਂ ਉਜੜੇ ਲੋਕੀ ਪੁੱਜੇ ਸਨ ਤਾਂ ਉਸ ਸਮੇਂ ਉਨ੍ਹਾਂ ਲੋਕਾਂ ਦੇ ਦੁੱਖ ਤਕਲੀਫ਼ਾਂ ਅਤੇ ਉਨ੍ਹਾਂ ਵਲੋਂ ਹੰਢਾਈ ਪੀੜ ਨੂੰ ਸੁਣਨਾ ਤੇ ਵੇਖਣਾ ਔਖਾ ਸੀ। ਮੈਂ ਖ਼ੁਦ ਇਹ ਵੀ ਦੁਖਦਾਈ ਪੱਖ ਵੇਖਿਆ ਕਿ ਲੁਧਿਆਣਾ ਵਾਸੀਆਂ ਨੇ ਉਜੜੇ ਲੋਕਾਂ ਦਾ ਦਰਦ ਵੰਡਾਉਣ ਦੀ ਥਾਂ ਮਕਾਨਾਂ, ਪਲਾਟਾਂ ਤੇ ਦੁਕਾਨਾਂ ਦੇ ਭਾਅ ਰਾਤੋਂ ਰਾਤ ਦੁਗਣੇ ਤਿਗਣੇ ਕਰ ਦਿਤੇ। ਸਕੂਲਾਂ ਵਾਲਿਆਂ ਨੇ ਉਜੜੇ ਭਰਾਵਾਂ ਦੀ ਸਾਰ ਲੈਣ ਦੀ ਥਾਂ ਉਨ੍ਹਾਂ ਦੇ ਬੱਚਿਆਂ ਨੂੰ ਦਾਖ਼ਲ ਕਰਨ ਤੋਂ ਇਨਕਾਰ ਕਰ ਦਿਤਾ। ਇਸ ਮੌਕੇ ਭਾਈ ਰਣਜੀਤ ਸਿੰਘ, ਰਮੇਸ਼ਇੰਦਰ ਸਿੰਘ, ਅਮਰੀਕਾ ਵਸਦੇ ਫ਼ਿਲਮ ਅਦਾਕਾਰ ਤੇ ਮਹਾਂਭਾਰਤ ਸੀਰੀਅਲ ਦੇ ਧ੍ਰਿਤਰਾਸ਼ਟਰ ਸ੍ਰੀ ਗਿਰਜਾ ਸ਼ੰਕਰ, ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਦੇ ਸੇਵਾਮੁਕਤ ਪ੍ਰੋਫ਼ੈਸਰ ਡਾ. ਗੁਰਿੰਦਰ ਸਿੰਘ ਮਾਨ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਨੇ ਵੀ ਅਪਣੇ ਵਿਚਾਰ ਰੱਖੇ। ਕਾਵਿ ਕਿਤਾਬ 'ਚੁਰਾਸੀਨਾਮਾ' ਦੇ ਲੇਖਕ ਪ੍ਰੋ. ਹਰਵਿੰਦਰ ਸਿੰਘ ਭੱਟੀ ਨੇ ਕਿਹਾ ਕਿ ਭੀੜਤੰਤਰ ਵਿਚ ਇਨਸਾਨ ਕਦੋਂ ਸ਼ੈਤਾਨ ਬਣਦਾ ਹੈ, ਪਤਾ ਵੀ ਨਹੀਂ ਲਗਦਾ। ਦੇਸ਼ ਵੰਡ ਵੇਲੇ 1947 ਵਿਚ ਅਤੇ ਦਿੱਲੀ ਕਤਲੇਆਮ ਵੇਲੇ ਵੀ ਇਹੀ ਕੁੱਝ ਹੋਇਆ। ਦਿੱਲੀ ਵਿਚ ਤਾਂ ਜਿਨ੍ਹਾਂ ਨੇ ਸਿੱਖਾਂ ਦਾ ਕਤਲੇਆਮ ਕੀਤਾ ਉਹ ਹੀ ਬਾਅਦ ਵਿਚ ਬਚੇ ਸਿੱਖਾਂ ਨੂੰ ਹੌਸਲਾ ਦੇਣ ਆ ਗਏ। ਇਸ ਸਮੇਂ ਸਾਬਕਾ ਆਈਏਐਸ ਸੁਰੇਸ਼ ਕੁਮਾਰ, ਸਾਬਕਾ ਡੀਜੀਪੀ ਸਰਬਦੀਪ ਸਿੰਘ ਵਿਰਕ, ਬਲਜੀਤ ਬੱਲੀ, ਸਰਬਜੀਤ ਧਾਲੀਵਾਲ, ਸਪੋਕਸਮੈਨ ਦੇ ਸੰਪਾਦਕ ਕਮਲ ਦੁਸਾਂਝ, ਜਸਵੀਰ ਸਮਰ ਅਤੇ ਦਵੀ ਦਵਿੰਦਰ ਆਦਿ ਪ੍ਰਮੁੱਖ ਸ਼ਖ਼ਸੀਅਤਾਂ ਵੀ ਮੌਜੂਦ ਸਨ।

'84 ਦੇ ਫ਼ੌਜੀ ਹਮਲੇ ਕਾਰਨ ਹੋਏ ਨੁਕਸਾਨ ਸਬੰਧੀ ਨਿੰਦਾ ਮਤਾ ਪੇਸ਼ ਕੀਤਾ ਜਾਵੇ : ਬਲਦੇਵ ਸਿੰਘ



9 ਸਿੱਖ ਰੈਜੀਮੈਂਟ ਦੁਬਾਰਾ ਬਹਾਲ ਕਰਨ ਸਬੰਧੀ ਸਿੰਘ ਸਾਹਿਬਾਨ ਕੇਂਦਰ ਸਰਕਾਰ ਨੂੰ ਸਿਫ਼ਾਰਸ਼ ਕਰਨ

ਧਾਰੀਵਾਲ, 5 ਨਵੰਬਰ (ਇੰਦਰ ਜੀਤ): ਸਮੂਹ ਸਿੱਖ ਧਰਮੀ ਫ਼ੌਜੀ ਜੂਨ 1984 ਪਰਵਾਰ ਵੈਲਫ਼ੇਅਰ ਐਸੋਸੀਏਸ਼ਨ ਦੇ ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਗੁਲਜ਼ਾਰ ਸਿੰਘ ਵਲੋਂ ਬਣੇ ਨਵੇਂ ਗ੍ਰਹਿ ਦੇ ਸ਼ੁਕਰਾਨੇ ਵਜੋਂ ਕਰਵਾਏ ਗਏ ਧਾਰਮਕ ਸਮਾਗਮ ਦੌਰਾਨ ਸਮੂਹ ਸਿੱਖ ਧਰਮੀ ਫ਼ੌਜੀ ਜੂਨ 1984 ਪਰਿਵਾਰ ਵੈਲਫ਼ੇਅਰ ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਣ ਉਪਰੰਤ ਗੁਲਜ਼ਾਰ ਸਿੰਘ ਦੇ ਸਮੁੱਚੇ ਪ੍ਰਵਾਰ ਨੂੰ ਵਧਾਈ ਦਿਤੀ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 20 ਨਵੰਬਰ ਨੂੰ ਕਰਵਾਏ ਜਾ ਰਹੇ ਸਾਲਾਨਾ ਇਜਲਾਸ ਦੌਰਾਨ ਸੱਭ ਤੋਂ ਪਹਿਲਾਂ ਜੂਨ 1984 ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸਿੱਖ ਕੌਮ ਦੀ ਦੁਸ਼ਮਣ ਕਾਂਗਰਸ ਜਮਾਤ ਵਲੋਂ ਟੈਂਕਾਂ ਤੋਪਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਹਮਲਾ ਸਬੰਧੀ ਨਿੰਦਾ ਮਤਾ ਪੇਸ਼ ਕੀਤਾ ਜਾਵੇ ਅਤੇ ਸਿੰਘ ਸਾਹਿਬਾਨ ਦੋਸ਼ੀ ਕਾਂਗਰਸ ਜਮਾਤ ਨੂੰ ਸ੍ਰੀ ਅਕਾਲ ਤਖ਼ਤ 'ਤੇ ਤਲਬ ਕਰਨ। ਧਰਮੀ ਫ਼ੌਜੀਆਂ ਨੇ ਕਿਹਾ ਕਿ ਜੂਨ 1984 ਦੌਰਾਨ ਸੱਭ ਤੋਂ ਪਹਿਲਾ ਬੈਰਕਾਂ ਛੱਡਣ ਵਾਲੀ 9 ਸਿੱਖ ਰੈਜੀਮੈਂਟ ਨੂੰ ਦੁਬਾਰਾ ਬਹਾਲ ਕਰਵਾਉਣ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਭਾਰਤ ਸਰਕਾਰ ਨੂੰ ਸਿਫ਼ਾਰਸ਼ ਪੱਤਰ ਲਿਖਣ। ਧਰਮੀ ਫ਼ੌਜੀਆਂ ਨੇ ਮੰਗ ਕੀਤੀ ਕਿ 20 ਨਵੰਬਰ ਦੇ ਜਨਰਲ ਇਜਲਾਸ ਦੌਰਾਨ ਜੂਨ 1984 ਦੇ ਹਮਲੇ ਅਤੇ 9 ਸਿੱਖ ਰੈਜੀਮੈਂਟ ਬਹਾਲ ਕਰਨ ਸਬੰਧੀ ਅਲੱਗ ਅਲੱਗ ਮਤੇ ਪਾਸ ਕੀਤੇ ਜਾਣ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਰਣਧੀਰ ਸਿੰਘ, ਜੋਗਾ ਸਿੰਘ, ਸੁਰਿੰਦਰ ਸਿੰਘ, ਬਲਵਿੰਦਰ ਸਿੰਘ, ਜਰੈਨਲ ਸਿੰਘ ਤੋਂ ਇਲਾਵਾ ਹੋਰ ਹਾਜ਼ਰ ਸਨ।

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ) ਰੂਲ 8-(1)

[illegible]

ਕਰਜ਼ਦਾਰ(*)/ਸਹਿ-ਕਰਜ਼ਦਾਰ (*) ਦਾ ਨਾਮ	ਸਕਿਓਰਡ ਐਸਟਸ ਦੇ ਵੇਰਵੇ (ਅਚੱਲ ਜਾਇਦਾਦ)	ਕੁੱਲ ਬਕਾਇਆ ਰਕਮ (ਰੁ.)	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ
[illegible] (ਪ੍ਰਸਪੈਕਟ ਨੰ. IL10710028)	[illegible] 568//[illegible] 1505/3638 [illegible] 151504, [illegible] 1813	ਰੁ. 800839/- ([illegible])	08-05-2026	03-11-2026
[illegible] (ਪ੍ਰਸਪੈਕਟ ਨੰ. IL10918644)	[illegible] 20//19(3-6),20(8-6) [illegible] 28, [illegible] 454, [illegible] 1225 [illegible] 1228 [illegible] 31//13/3(4-4) [illegible] 1, [illegible] 455, [illegible] 1230 [illegible] 151505, [illegible] 1815	ਰੁ. 1075005/- ([illegible])	10-06-2026	03-11-2026

[illegible]

ਸਥਾਨ : ਪੰਜਾਬ, ਮਿਤੀ : 06-11-2026 ਸਹੀ/- ਅਧਿਕਾਰਤ ਅਫ਼ਸਰ, [illegible]

ਡਿਮਾਂਡ ਨੋਟਿਸ

[illegible]

ਕਰਜ਼ਦਾਰਾਂ ਤੇ ਗਰੰਟਰਾਂ ਦਾ ਨਾਮ	ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ	ਸਕਿਓਰਡ ਆਸਤਿਆਂ ਦਾ ਵੇਰਵਾ (ਅਚੱਲ ਜਾਇਦਾਦ)
[illegible] (ਪ੍ਰਸਪੈਕਟ ਨੰ. IL10668058)	08-ਅਕਤੂਬਰ-2026, ਰੁ. 10,63,095/- ([illegible])	[illegible] 81, [illegible] 262//5/1 (4-18), 262//5/2 (3-2), 6 (8-0) [illegible] 863/1310-1311, [illegible] 148101, [illegible] 900
[illegible] (ਪ੍ਰਸਪੈਕਟ ਨੰ. 815736)	08-ਅਕਤੂਬਰ-2026, ਰੁ. 17,83,430/- ([illegible])	[illegible] L-605, [illegible] 140603, [illegible] 1310
[illegible] (ਪ੍ਰਸਪੈਕਟ ਨੰਬਰ IL10082086)	13 ਅਕਤੂਬਰ 2026, ਰੁ. 17,18,576/- ([illegible])	[illegible] 409, [illegible] 250/466, [illegible] 43/25/3(1-0), 24/2/3(1-7), 44/5(2-0), 4/2/2(3-2), 7/1(0-8), [illegible] 71, [illegible] (140301), [illegible] 1062
[illegible] (ਪ੍ਰਸਪੈਕਟ ਨੰਬਰ IL10182900)	05-ਅਕਤੂਬਰ-2026, ਰੁ. 13,49,118/- ([illegible])	[illegible] 7-ਏ, [illegible] 386, 397, 388, [illegible] 144001, [illegible] 520
[illegible] (ਪ੍ਰਸਪੈਕਟ ਨੰਬਰ IL10480432)	08-ਅਕਤੂਬਰ-2026, ਰੁ. 10,83,078/- ([illegible])	[illegible] 1584/1759-1585/1760, [illegible] 78/5/1-72/25 [illegible] 159 [illegible] 141001 [illegible] 500
[illegible] (ਪ੍ਰਸਪੈਕਟ ਨੰ. IL10728117)	08-ਅਕਤੂਬਰ-2026, ਰੁ. 13,77,356/- ([illegible])	[illegible] 4761 [illegible] (3-0), [illegible] 238/2041, [illegible] 151001, [illegible] 479
[illegible] (ਪ੍ਰਸਪੈਕਟ ਨੰਬਰ IL10774835)	08-ਅਕਤੂਬਰ-2026, ਰੁ. 15,64,018.06/- ([illegible])	[illegible] 1680 [illegible] (11-7), 1681 [illegible] (12-5), 1682 [illegible] (1-10), [illegible] 2656/14039, [illegible] 151001, [illegible] 2016
[illegible] (ਪ੍ਰਸਪੈਕਟ ਨੰਬਰ IL10016668)	08-ਅਕਤੂਬਰ-2026, ਰੁ. 9,54,368/- ([illegible])	[illegible] 214, [illegible] 555-557-872, [illegible] 639-641-1064 [illegible] 345-347-372-373-371/1, [illegible] 141001, [illegible] 450
[illegible] (ਪ੍ਰਸਪੈਕਟ ਨੰਬਰ IL10827428)	08-ਅਕਤੂਬਰ-2026, ਰੁ. 11,80,846.20/- ([illegible])	[illegible] 113, [illegible] 4/16, 4/17, 4/24, 4/25/1, 5/4 [illegible] 144001, [illegible] 1447
[illegible] (ਪ੍ਰਸਪੈਕਟ ਨੰ. IL10888186)	08-ਅਕਤੂਬਰ-2026, ਰੁ. 12,28,552.83/- ([illegible])	[illegible] 61//15/3(1-10), [illegible] 264/425, [illegible] 151508, [illegible] 4083
[illegible] (ਪ੍ਰਸਪੈਕਟ ਨੰਬਰ IL11045381)	08-ਅਕਤੂਬਰ-2026, ਰੁ. 7,89,872/- ([illegible])	[illegible] 588/1 (42-12) [illegible] 151302, [illegible] 1768

[illegible]

ਸਥਾਨ : ਪੰਜਾਬ ਮਿਤੀ : 06-11-2026 ਸਹੀ/- ਅਧਿਕਾਰਤ ਅਫ਼ਸਰ, [illegible]

ਕਬਜ਼ਾ ਨੋਟਿਸ

ਜਦੋਂ ਕਿ ਆਈਆਈਐਫ਼ਐਲ-ਐਸਐਮਐਲ ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫ਼ਾਈਨੈਂਸ਼ੀਅਲ ਐਸਟਸ ਐਂਡ ਇਨਫ਼ੋਰਸਮੈਂਟ ਆਫ਼ ਸਕਿਓਰਿਟੀ ਇਨਟਰਸਟ ਐਕਟ, 2002 (54 ਆਫ 2002) ("ਉਕਤ ਰੂਲਜ਼") ਅਧੀਨ ਅਤੇ ਸਕਿਓਰਿਟੀ ਇਨਟਰਸਟ (ਇਨਫੋਰਸਮੈਂਟ) ਰੂਲਜ਼, 2002 ("ਉਕਤ ਰੂਲਜ਼") ਦੇ ਰੂਲ 3 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਕਰਜ਼ਦਾਰ/ਸਹਿ ਕਰਜ਼ਦਾਰ/ਗਰੰਟਰਾਂ, ਗਿਰਵੀਕਾਰਾਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਰਕਮ ਜਿਸ ਦੇ ਵੇਰਵੇ ਹੇਠ ਟੇਬਲ ਵਿਚ ਦਰਸਾਏ ਗਏ ਹਨ ਅਦਾ ਕਰਨ ਲਈ ਕਿਹਾ ਗਿਆ। ਕਰਜ਼ਦਾਰ/ਗਰੰਟਰ(*)/ਗਿਰਵੀਕਾਰ(*) ਵਲੋਂ ਉਕਤ ਰਕਮਾਂ ਦੀ ਅਦਾਇਗੀ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰ/ਗਰੰਟਰ(*)/ਗਿਰਵੀਕਾਰ(*) ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਧੀਨ ਦਾ ਅਧਿਕਾਰਤ ਅਫ਼ਸਰ ਹੋਣ ਦੇ ਨਾਤੇ, ਨਿਮਨਹਸਤਾਖਰੀ ਨੇ ਹੇਠਾਂ ਦੱਸੀ ਗਈ ਮਿਤੀ ਨੂੰ 'ਜਿਵੇਂ ਹੈ, ਜਿੱਥੇ ਹੈ ਅਤੇ ਜੋ ਵੀ ਹੈ, ਦੇ ਆਧਾਰ 'ਤੇ' ਉਕਤ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (4) ਦੇ ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦੱਸੀ ਅਚੱਲ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ(*)/ਸਹਿ ਕਰਜ਼ਦਾਰ(*) ਦਾ ਨਾਂ	ਸਕਿਓਰਡ ਐਸਟਸ ਦਾ ਵੇਰਵਾ (ਅਚੱਲ ਜਾਇਦਾਦ)	ਕੁੱਲ ਬਕਾਇਆ (ਰੁ. ਵਿਚ)	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ
ਸ੍ਰੀਮਤੀ ਪ੍ਰੀਤੀ ਸਿੰਘ, ਸ੍ਰੀ ਭਰਤ ਸਿੰਘ ਪ੍ਰੀਤੀ ਬੁਟੀਕ (ਪ੍ਰਸਪੈਕਟ ਨੰ. IL10295044)	ਸਾਰੇ ਜ਼ਰੂਰੀ ਤੇ ਅੰਤਿਮ ਹਿੱਸੇ ਜਾਇਦਾਦ ਸਥਿਤ ਹੈ ਪਿੰਡ ਨਾਲਾਗੜ੍ਹ, ਤਹਿਸੀਲ ਡੇਰਾਬੱਸੀ, ਜ਼ਿਲ੍ਹਾ ਐਸਏਐਸ ਨਗਰ 140501, ਰਕਬਾ ਮਿਣਤੀ (ਫ਼. ਫੁੱਟ 'ਚ) ਜਾਇਦਾਦ ਦੀ ਕਿਸਮ : Area_Admeasuring, ਜਾਇਦਾਦ ਰਕਬਾ : 900	Rs. 615108.4/- ([illegible])	06-01-2026	03-11-2026

[illegible]

ਸਥਾਨ : ਪੰਜਾਬ, ਮਿਤੀ : 06.11.2026 ਸਹੀ/-ਅਧਿਕਾਰਤ ਅਫ਼ਸਰ, ਐਸਟ ਰੀਕੰਸਟ੍ਰਕਸ਼ਨ ਕੰਪਨੀ (ਇੰਡੀਆ) ਲਿਮ., (ਟਰੱਸਟੀ ਵਜੋਂ ਸਮਰੱਥ ਵਿਚ)

ਐਸੇਟ ਰੀਕੰਸਟਰੱਕਸ਼ਨ ਕੰਪਨੀ (ਇੰਡੀਆ) ਲਿਮ. CIN No.-U65999MH2002PLC134884

ਰਜਿਸਟਰਡ ਦਫ਼ਤਰ : ਦ ਰੂਬੀ, 10ਵੀਂ ਮੰਜ਼ਿਲ, 29 ਸੇਨਾਪਤੀ, ਬਾਪਟ ਮਾਰਗ, ਦਾਦਰ (ਵੈਸਟ) ਮੁੰਬਈ-400028, Tel: +91 2266581300, Website: www.arcil.co.in

ਸ਼ੁਭਮ ਹਾਊਸਿੰਗ ਡਿਵੈਲਪਮੈਂਟ ਫਾਈਨਾਂਸ ਕੰ. ਲਿਮ.

ਸ਼ੁਭਮ੍

ਕਾਰਪੋਰੇਟ ਦਫ਼ਤਰ: 425, ਉਦਯੋਗ ਵਿਹਾਰ, ਫੇਜ਼ 4, ਗੁੜਗਾਉਂ-122015 (ਹਰਿਆਣਾ)
ਫੋਨ: 0124-4212530/31/32, ਈਮੇਲ: customercare@shubham.co, ਵੈਬਸਾਈਟ: www.shubham.co

ਮੰਗ ਨੋਟਿਸ

ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨੈਂਸ਼ੀਅਲ ਅਸੈਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰਸਟ ਐਕਟ 2002 (ਜਿਸ ਨੂੰ ਪਿਛੋਂ 'ਐਕਟ' ਕਿਹਾ ਗਿਆ) ਦੇ ਸੈਕਸ਼ਨ 13(2) ਅਧੀਨ ਨੋਟਿਸ

ਇਹ ਤੁਹਾਡੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਤੁਹਾਡਾ ਲੋਨ ਖਾਤਾ ਸਕਿਓਰਡ ਕ੍ਰੈਡੀਟਰ ਸ਼ੁਭਮ ਹਾਊਸਿੰਗ ਡਿਵੈਲਪਮੈਂਟ ਫਾਈਨਾਂਸ ਕੰਪਨੀ ਲਿਮਟਡ, ਜਿਸ ਦਾ ਰਜਿਸਟਰਡ ਦਫ਼ਤਰ ਹੈ 608-609, 6ਵੀਂ ਮੰਜ਼ਿਲ, ਬਲਾਕ-ਸੀ, ਅੰਸਲ ਇੰਪੀਰੀਅਲ ਟਾਵਰ, ਕਮਿਊਨਿਟੀ ਸੈਂਟਰ, ਨਰਾਇਣਾ ਵਿਹਾਰ, ਨਵੀਂ ਦਿੱਲੀ-110028 (ਜਿਸ ਨੂੰ ਪਿਛੋਂ 'ਐਸਐਚਡੀਐਫਸੀ' ਕਿਹਾ ਗਿਆ) ਵਲੋਂ ਐਨਪੀਏ ਐਲਾਨ ਦਿੱਤਾ ਗਿਆ ਹੈ ਅਤੇ ਤੁਸੀਂ ਐਸਐਚਡੀਐਫਸੀ ਨੂੰ ਤੁਹਾਡੇ ਲੋਨ ਖਾਤੇ ਵਿਚ ਖੜ੍ਹੀ ਬਕਾਇਆ ਰਕਮ ਅਦਾ ਕਰਨ ਦੇ ਜਵਾਬਦੇਹ ਹੋ। ਤੁਸੀਂ ਉਕਤ ਦਰਸਾਈ ਰਕਮ ਕੰਟਰੈਕਚੁਅਲ ਦਰ ਨਾਲ ਭਵਿੱਖੀ ਵਿਆਜ ਸਮੇਤ ਅਕਾਸਮਿਕ ਖਰਚੇ, ਲਾਗਤਾਂ, ਚਾਰਜਿਜ਼ ਆਦਿ ਅਦਾ ਕਰਨ ਦਾ ਜ਼ਿੰਮੇਵਾਰ ਹੋ। ਇਸ ਲਈ ਅਸੀਂ ਤੁਹਾਨੂੰ ਐਸਐਚਡੀਐਫਸੀ ਦੀ ਪੂਰੀ ਦੇਣਦਾਰੀ ਇਸ ਨੋਟਿਸ ਦੀ ਪ੍ਰਕਾਸ਼ਨਾ ਦੇ 60 ਦਿਨਾਂ ਦੇ ਅੰਦਰ ਅੰਦਰ ਅਦਾ ਕਰਨ ਲਈ ਸੂਚਿਤ ਕਰ ਰਹੇ ਹਾਂ ਅਸਫ਼ਲ ਰਹਿਣ 'ਤੇ ਐਸਐਚਡੀਐਫਸੀ ਐਕਟ ਦੇ ਸੈਕਸ਼ਨ 13(4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ। ਕਰਜ਼ਦਾਰਾਂ ਅਤੇ ਸਕਿਓਰਡ ਐਸਟਸ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ :-

ਲੜੀ ਨੰ.	ਲੋਨ ਖਾਤਾ ਨੰ. ਕਰਜ਼ਦਾਰ ਦਾ ਨਾਂ	ਰਿਣਕਾਰ ਦਾ ਪਤਾ	ਡਿਮਾਂਡ ਨੋਟਿਸ ਦੀ ਰਕਮ ਅਤੇ ਮਿਤੀ	ਸਕਿਓਰਡ ਅਸੈਟਸ
1	ਲੋਨ ਨੰ 0AMT2306000005063780, ਕਾਨੂੰਨੀ ਵਾਰਸ (ਮ੍ਰਿਤਕ ਸੰਤੋਖ ਸਿੰਘ), ਰਾਜਬੀਰ ਕੌਰ	ਪੁੱਤਰ ਰਘਬੀਰ ਸਿੰਘ, ਮਹਿਮਦਪੁਰਾ, ਅੰਮ੍ਰਿਤਸਰ, ਪੰਜਾਬ - 143109	12-10-2026 & ₹ 7,41,092/-	ਖਸਰਾ ਨੰਬਰ 50/1 (0-5) 50/2 (0-5) ਖਾਤਾ ਨੰਬਰ 104/247 ਕਿਲਾ ਨੰਬਰ 12//10/2 (4-14) ਖਾਤਾ 7/15 ਰਕਬਾ ਮਹਿਮਦਪੁਰਾ ਤਹਿਸੀਲ ਅਜਨਾਲਾ ਵਾਕਿਆ ਰਕਬਾ ਪਿੰਡ ਮਹਿਮਦਪੁਰ ਤਹਿਸੀਲ ਅਜਨਾਲਾ ਅਤੇ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ - 143109। ਰਕਬਾ - 20 ਮਰਲਾ
2	ਲੋਨ ਨੰ 0AMT1907000005021653, ਕਾਨੂੰਨੀ ਵਾਰਸ (ਮ੍ਰਿਤਕ ਕੇਦਾਰ ਨਾਥ), ਚੰਦਰ ਰੇਖਾ ਸ਼ਰਮ	ਗਲੀ ਨੰਬਰ 2, ਪੈਪੀ ਚੱਕੀ ਵਾਲੀ ਗਲੀ, ਗੁਰਬਖਸ਼ ਨਗਰ, ਨਵਾਂ ਕੋਟ, ਅੰਮ੍ਰਿਤਸਰ, ਪੰਜਾਬ - 143001	12-10-2026 & ₹ 8,35,150/-	ਪ੍ਰਾਈਵੇਟ ਪਲਾਟ ਨੰਬਰ 161 ਮਿਨ, ਵਾਕਿਆ ਰਕਬਾ ਛੋਟਾ ਹਰੀਪੁਰਾ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ - 143001, ਰਕਬਾ - 62 ਵਰਗ ਗਜ਼, ਹੱਦਾਂ: ਪੂਰਬ - ਗਲੀ, ਪੱਛਮ - ਹੋਰਾਂ ਦੀ ਜਾਇਦਾਦ, ਉੱਤਰ - ਹਰਭਜਨ ਚੌਹਾਨ ਦੀ ਜਾਇਦਾਦ, ਦੱਖਣ - ਈਸ਼ਰ ਦਾਸ ਦੀ ਜਾਇਦਾਦ

ਸਥਾਨ : ਗੁਰਗਾਓਂ ਅਧਿਕਾਰਤ ਅਫ਼ਸਰ
ਮਿਤੀ : 05.11.2026 ਸ਼ੁਭਮ ਹਾਊਸਿੰਗ ਡਿਵੈਲਪਮੈਂਟ ਫਾਈਨਾਂਸ ਕੰਪਨੀ ਲਿਮ.

ਪੰਜਾਬ ਕੈਮੀਕਲਜ਼ ਐਂਡ ਕ੍ਰੌਪ ਪ੍ਰੋਟੈਕਸ਼ਨ ਲਿਮਟਿਡ

(CIN No. L24231PB1975PLC047063)

ਰਜਿ. ਦਫ਼ਤਰ : ਮਾਈਲਸਟੋਨ-18, ਅੰਬਾਲਾ ਕਾਲਕਾ ਰੋਡ, ਪਿੰਡ ਅਤੇ ਡਾਕਖਾਨਾ ਭਾਂਖਰਪੁਰ, ਡੇਰਾਬੱਸੀ, ਜ਼ਿਲ੍ਹਾ ਐਸ ਏ ਐਸ ਨਗਰ (ਮੋਹਾਲੀ) ਪੰਜਾਬ-140201 ਟੈਲੀ. 01762-280086, 522250, ਫੈਕਸ ਨੰ.: 01765-280070
E-mail: info@punjabchemicals.com, ਵੈਬਸਾਈਟ : www.punjabchemicals.com;

ਪੋਸਟਲ ਬੈਲਟ ਦਾ ਨੋਟਿਸ

ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਐਕਟ, 2013 ਦੀ ਧਾਰਾ 110 ਅਤੇ ਧਾਰਾ 108 ਦੇ ਤਹਿਤ, ਕੰਪਨੀ (ਪ੍ਰਬੰਧਨ ਅਤੇ ਪ੍ਰਸ਼ਾਸਨ) ਨਿਯਮ, 2014 ਦੇ ਨਿਯਮ 20 ਅਤੇ 22 ਦੇ ਨਾਲ ਪੜ੍ਹਦਿਆਂ, ਅਤੇ ਐਕਟ ਤੇ ਨਿਯਮਾਂ ਦੇ ਹੋਰ ਲਾਗੂ ਹੋਣ ਵਾਲੇ ਉਪਬੰਧਾਂ, ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਦੁਆਰਾ ਜਾਰੀ ਸਰਕੂਲਰਾਂ ਅਤੇ ਨੋਟੀਫਿਕੇਸ਼ਨਾਂ ("MCA ਸਰਕੂਲਰ"), ਭਾਰਤੀ ਪ੍ਰਤੀਭੂਤੀ ਅਤੇ ਵਟਾਂਦਰਾ ਬੋਰਡ (ਸੂਚੀਬੱਧਤਾ ਜ਼ਿੰਮੇਵਾਰੀਆਂ ਅਤੇ ਖੁਲਾਸੇ ਦੀਆਂ ਲੋੜਾਂ) ਨਿਯਮ, 2015 ("ਲਿਸਟਿੰਗ ਨਿਯਮ") ਦੇ ਨਿਯਮ 44, 'ਦ ਇੰਸਟੀਚਿਊਟ ਆਫ਼ ਕੰਪਨੀ ਸੈਕਟਰੀਜ਼ ਆਫ਼ ਇੰਡੀਆ' ਦੁਆਰਾ ਜਾਰੀ ਜਨਰਲ ਮੀਟਿੰਗਾਂ ਬਾਰੇ ਸਕੱਤਰੇਤੀ ਮਿਆਰ ("SS-2"), ਅਤੇ ਹੋਰ ਲਾਗੂ ਕਾਨੂੰਨਾਂ, ਨਿਯਮਾਂ ਤੇ ਉਪ-ਨਿਯਮਾਂ (ਜਿਸ ਵਿੱਚ ਸਮੇਂ-ਸਮੇਂ 'ਤੇ ਲਾਗੂ ਕੋਈ ਵੀ ਕਾਨੂੰਨੀ ਸੋਧ ਜਾਂ ਮੁੜ-ਲਾਗੂਕਰਨ ਸ਼ਾਮਲ ਹੈ) ਦੇ ਅਨੁਸਾਰ, ਹੇਠਾਂ ਦਿੱਤੇ ਵਿਸ਼ੇਸ਼ ਕਾਰਜਾਂ (special business) ਨੂੰ ਨੇਪਰੇ ਚਾੜ੍ਹਨ ਲਈ, ਸਿਰਫ਼ ਪੋਸਟਲ ਬੈਲਟ ਰਾਹੀਂ ਅਤੇ ਇਲੈਕਟ੍ਰਾਨਿਕ ਸਾਧਨਾਂ ('ਰਿਮੋਟ ਈ-ਵੋਟਿੰਗ') ਰਾਹੀਂ ਵੋਟ ਪਾ ਕੇ ਮਤਾ (ਮਤੇ) ਪਾਸ ਕੀਤਾ ਜਾਣਾ ਹੈ।

ਰੈਜ਼ੋਲੂਸ਼ਨ ਦਾ ਵੇਰਵਾ

1. ਕੰਪਨੀ ਦੀ ਜਾਰੀ ਕੀਤੀ ਗਈ ਇਕੁਇਟੀ ਸ਼ੇਅਰ ਪੂੰਜੀ ਵਿੱਚੋਂ 15,033 ਅਜਿਹੇ ਇਕੁਇਟੀ ਸ਼ੇਅਰਾਂ ਨੂੰ ਰੱਦ ਕਰਨ ਦੀ ਮਨਜ਼ੂਰੀ, ਜੋ ਸਬਸਕ੍ਰਾਈਬ (ਖਰੀਦੇ) ਨਹੀਂ ਗਏ ਸਨ; ਇਹ ਇੱਕ 'ਸਧਾਰਨ ਮਤੇ' ਵਜੋਂ ਪੇਸ਼ ਕੀਤਾ ਜਾਵੇਗਾ।
2. ਮੈਨੇਜਿੰਗ ਡਾਇਰੈਕਟਰ, ਸ਼੍ਰੀ ਸ਼ਲੀਲ ਸ਼ਸ਼ੀਕੁਮਾਰ ਸ਼ਰੌਫ (DIN: 00015621) ਨੂੰ ਉਨ੍ਹਾਂ ਦੇ ਕਾਰਜਕਾਲ ਦੀ ਬਾਕੀ ਮਿਆਦ ਲਈ—ਜੋ 15 ਜਨਵਰੀ, 2027 ਤੋਂ ਸ਼ੁਰੂ ਹੋ ਕੇ 14 ਜਨਵਰੀ, 2029 ਤੱਕ ਹੈ—ਦਿੱਤੇ ਜਾਣ ਵਾਲੇ ਮਿਹਨਤਾਨੇ ਦੀ ਮਨਜ਼ੂਰੀ; ਇਹ ਇੱਕ 'ਵਿਸ਼ੇਸ਼ ਮਤੇ' (Special Resolution) ਵਜੋਂ ਪੇਸ਼ ਕੀਤਾ ਜਾਵੇਗਾ।
3. SEBI (ਸੂਚੀਬੱਧਤਾ ਜ਼ਿੰਮੇਵਾਰੀਆਂ ਅਤੇ ਖੁਲਾਸੇ ਦੀਆਂ ਲੋੜਾਂ) ਨਿਯਮ, 2015 ਦੇ ਨਿਯਮ 17(6) (ca) ਦੇ ਤਹਿਤ, ਗੈਰ-ਕਾਰਜਕਾਰੀ ਗੈਰ-ਸੁਤੰਤਰ ਡਾਇਰੈਕਟਰ, ਸ਼੍ਰੀ ਸ਼ਿਵਸ਼ੰਕਰ ਸ਼੍ਰੀਪਾਲ ਤ੍ਰਿਵਾਰੀ (DIN: 00019058) ਨੂੰ ਦਿੱਤੇ ਜਾਣ ਵਾਲੇ ਕੁੱਲ ਮਿਹਨਤਾਨੇ ਦੀ ਮਨਜ਼ੂਰੀ; ਇਹ ਇੱਕ Special Resolution ਵਜੋਂ ਪੇਸ਼ ਕੀਤਾ ਜਾਵੇਗਾ।

19 ਸਤੰਬਰ, 2024 ਦੇ ਜਨਰਲ ਸਰਕੂਲਰ ਨੰਬਰ 09/2024 ਦੀ ਪਾਲਣਾ ਵਿੱਚ—ਜਿਸਨੂੰ 8 ਅਪ੍ਰੈਲ, 2020 ਦੇ ਜਨਰਲ ਸਰਕੂਲਰ ਨੰਬਰ 14/2020, 13 ਅਪ੍ਰੈਲ, 2020 ਦੇ ਜਨਰਲ ਸਰਕੂਲਰ ਨੰਬਰ 17/2020 ਅਤੇ ਹੋਰ ਸੰਬੰਧਿਤ ਸਰਕੂਲਰਾਂ (ਜਿਨ੍ਹਾਂ ਵਿੱਚ ਸਭ ਤੋਂ ਨਵਾਂ 22 ਸਤੰਬਰ, 2025 ਦਾ ਜਨਰਲ ਸਰਕੂਲਰ ਨੰਬਰ 03/2025 ਹੈ) ਦੇ ਨਾਲ ਪੜ੍ਹਿਆ ਜਾਣਾ ਚਾਹੀਦਾ ਹੈ—'ਪੋਸਟਲ ਬੈਲਟ ਨੋਟਿਸ' ("ਨੋਟਿਸ") ਅਤੇ ਇਸਦੇ ਨਾਲ 'ਵਿਆਖਿਆਤਮਕ ਬਿਆਨ' ਸਿਰਫ਼ ਈਮੇਲ ਰਾਹੀਂ ਭੇਜੇ ਗਏ ਹਨ। ਕੰਪਨੀ ਨੇ ਵੀਰਵਾਰ, 5 ਨਵੰਬਰ, 2026 ਨੂੰ ਉਨ੍ਹਾਂ ਮੈਂਬਰਾਂ ਨੂੰ ਇਹ ਦਸਤਾਵੇਜ਼ ਭੇਜ ਦਿੱਤੇ ਹਨ, ਜਿਨ੍ਹਾਂ ਦੇ ਈਮੇਲ ਪਤੇ ਕੰਪਨੀ, ਡਿਪਾਜ਼ਿਟਰੀ ਭਾਗੀਦਾਰਾਂ, ਡਿਪਾਜ਼ਿਟਰੀਆਂ, ਜਾਂ ਰਜਿਸਟਰਾਰ ਅਤੇ ਟਰਾਂਸਫਰ ਏਜੰਟ ਕੋਲ 'ਕੱਟ-ਆਫ ਮਿਤੀ' ਯਾਨੀ ਸ਼ੁੱਕਰਵਾਰ, 30 ਅਕਤੂਬਰ, 2026 ਤੱਕ ਦਰਜ ਸਨ। ਨੋਟਿਸ, ਪੋਸਟਲ ਬੈਲਟ ਫਾਰਮਾਂ ਜਾਂ ਜਵਾਬੀ ਲਿਫ਼ਾਫ਼ਿਆਂ ਦੀਆਂ ਕੋਈ ਵੀ ਭੌਤਿਕ ਕਾਪੀਆਂ ਨਹੀਂ ਭੇਜੀਆਂ ਜਾ ਰਹੀਆਂ ਹਨ।

ਇਹ ਨੋਟਿਸ ਕੰਪਨੀ ਦੀ ਵੈੱਬਸਾਈਟ 'ਤੇ ਹੇਠਾਂ ਦਿੱਤੇ ਲਿੰਕ https://www.punjabchemicals.com/wp-content/uploads/2026/11/Postal-Ballot-Notice.pdf 'ਤੇ ਉਪਲਬਧ ਹੈ। ਇਸ ਤੋਂ ਇਲਾਵਾ, ਇਹ BSE ਲਿਮਿਟਡ (www.bseindia.com) ਅਤੇ ਨੈਸ਼ਨਲ ਸਟਾਕ ਐਕਸਚੇਂਜ ਆਫ਼ ਇੰਡੀਆ ਲਿਮਿਟਡ (www.nseindia.com)—ਜਿੱਥੇ ਕੰਪਨੀ ਦੇ ਇਕੁਇਟੀ ਸ਼ੇਅਰ ਸੂਚੀਬੱਧ ਹਨ—ਦੀਆਂ ਵੈੱਬਸਾਈਟਾਂ ਦੇ ਸੰਬੰਧਿਤ ਭਾਗਾਂ 'ਤੇ, ਅਤੇ ਸੈਂਟਰਲ ਡਿਪਾਜ਼ਿਟਰੀ ਸਰਵਿਸਿਜ਼ (ਇੰਡੀਆ) ਲਿਮਿਟਡ ("CDSL") ਦੀ ਵੈੱਬਸਾਈਟ www.evotingindia.com 'ਤੇ ਵੀ ਉਪਲਬਧ ਹੈ।

ਕੰਪਨੀ ਨੇ ਆਪਣੇ ਸਾਰੇ ਮੈਂਬਰਾਂ ਨੂੰ 'ਈ-ਵੋਟਿੰਗ' ਦੀ ਸਹੂਲਤ ਪ੍ਰਦਾਨ ਕਰਨ ਲਈ 'ਸੈਂਟਰਲ ਡਿਪਾਜ਼ਿਟਰੀ ਸਰਵਿਸਿਜ਼ (ਇੰਡੀਆ) ਲਿਮਿਟਡ' ਦੀਆਂ ਸੇਵਾਵਾਂ ਲਈਆਂ ਹਨ। 'ਰਿਮੋਟ ਈ-ਵੋਟਿੰਗ' ਦੀ ਸਹੂਲਤ ਹੇਠਾਂ ਦਿੱਤੀ ਮਿਆਦ ਦੌਰਾਨ ਉਪਲਬਧ ਰਹੇਗੀ:

ਈ ਵੋਟਿੰਗ ਮਿਆਦ ਦੀ ਸ਼ੁਰੂਆਤ	ਸਵੇਰੇ 9.00 ਵਜੇ, ਸ਼ੁੱਕਰਵਾਰ, ਨਵੰਬਰ 6, 2026
ਈ ਵੋਟਿੰਗ ਮਿਆਦ ਦੀ ਸਮਾਪਤੀ	ਸ਼ਾਮ 5.00 ਵਜੇ, ਸ਼ਨਿੱਚਰਵਾਰ, ਦਸੰਬਰ 5, 2026
ਵੋਟ ਦੀ ਪਾਤਰਤਾ ਲਈ ਕੱਟ ਆਫ ਮਿਤੀ	ਸ਼ੁੱਕਰਵਾਰ, ਅਕਤੂਬਰ 30, 2026

ਵੋਟਿੰਗ ਦੇ ਅਧਿਕਾਰਾਂ ਦੀ ਗਣਨਾ 'ਕੱਟ-ਆਫ ਮਿਤੀ' 'ਤੇ ਮੌਜੂਦ ਇਕੁਇਟੀ ਸ਼ੇਅਰਾਂ ਦੇ ਆਧਾਰ 'ਤੇ ਕੀਤੀ ਜਾਵੇਗੀ। ਜਿਹੜਾ ਵਿਅਕਤੀ 'ਕੱਟ-ਆਫ ਮਿਤੀ' 'ਤੇ ਮੈਂਬਰ ਨਹੀਂ ਹੈ, ਉਸ ਲਈ ਇਹ ਸੂਚਨਾ ਸਿਰਫ਼ ਜਾਣਕਾਰੀ ਵਾਸਤੇ ਹੈ। CDSL ਸ਼ਨੀਵਾਰ, 5 ਦਸੰਬਰ, 2026 ਨੂੰ ਸ਼ਾਮ 5:00 ਵਜੇ ਤੋਂ ਤੁਰੰਤ ਬਾਅਦ ਈ-ਵੋਟਿੰਗ ਮੋਡਿਊਲ ਨੂੰ ਬੰਦ ਕਰ ਦੇਵੇਗਾ, ਅਤੇ ਇਸ ਤੋਂ ਬਾਅਦ ਵੋਟਿੰਗ ਦੀ ਇਜਾਜ਼ਤ ਨਹੀਂ ਹੋਵੇਗੀ। ਮੈਂਬਰ ਆਪਣੀ ਸਹਿਮਤੀ ਜਾਂ ਅਸਹਿਮਤੀ ਸਿਰਫ਼ 'ਰਿਮੋਟ ਈ-ਵੋਟਿੰਗ' ਰਾਹੀਂ ਹੀ ਦਰਜ ਕਰਵਾ ਸਕਦੇ ਹਨ।

ਜਿਨ੍ਹਾਂ ਮੈਂਬਰਾਂ ਨੇ ਆਪਣਾ ਈ-ਮੇਲ ਪਤਾ ਅੱਪਡੇਟ ਨਹੀਂ ਕੀਤਾ ਹੈ, ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਸਨੂੰ ਰਜਿਸਟਰ ਕਰਵਾਉਣ। ਇਲੈਕਟ੍ਰਾਨਿਕ ਰੂਪ ਵਿੱਚ ਰੱਖੇ ਗਏ ਸ਼ੇਅਰਾਂ ਲਈ, ਇਹ ਆਪਣੇ 'ਡਿਪਾਜ਼ਿਟਰੀ ਪਾਰਟੀਸਿਪੈਂਟ' ਰਾਹੀਂ 'ਡਿਪਾਜ਼ਿਟਰੀ' ਕੋਲ ਰਜਿਸਟਰ ਕਰਵਾਇਆ ਜਾ ਸਕਦਾ ਹੈ। ਭੌਤਿਕ ਰੂਪ ਵਿੱਚ ਰੱਖੇ ਗਏ ਸ਼ੇਅਰਾਂ ਲਈ, ਕੰਪਨੀ ਦੇ ਰਜਿਸਟਰਾਰ ਅਤੇ ਟਰਾਂਸਫਰ ਏਜੰਟ, 'ਅਲੰਕਿਤ ਅਸਾਈਨਮੈਂਟਸ ਲਿਮਿਟੇਡ' ਨੂੰ ਈ-ਮੇਲ ਰਾਹੀਂ ਜਾਂ ਡਾਕ ਰਾਹੀਂ ਇਸ ਪਤੇ 'ਤੇ ਲਿਖ ਕੇ ਰਜਿਸਟਰ ਕਰਵਾਇਆ ਜਾ ਸਕਦਾ ਹੈ: Alankit House 4ਈ/2 Jhandewalan Extension | New Delhi - 110055, INDIA

ਬੋਰਡ ਆਫ਼ ਡਾਇਰੈਕਟਰਜ਼ ਨੇ ਸ੍ਰੀ ਪੀ.ਐਸ. ਦੂਆ (ਮੈਂਬਰਸ਼ਿਪ ਨੰਬਰ 4552, COP ਨੰਬਰ 3934) ਨੂੰ 'ਸਕਰੂਟਨਾਈਜ਼ਰ' ਵਜੋਂ ਨਿਯੁਕਤ ਕੀਤਾ ਹੈ, ਤਾਂ ਜੋ ਉਹ ਪੋਸਟਲ ਬੈਲਟ ਪ੍ਰਕਿਰਿਆ ਦੀ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਜਾਂਚ ਕਰ ਸਕਣ।

ਰਿਮੋਟ ਈ-ਵੋਟਿੰਗ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਜਾਂ ਸਮੱਸਿਆ ਲਈ, ਹੇਠਾਂ ਦਸਤਖ਼ਤ ਕਰਨ ਵਾਲੇ ਅਧਿਕਾਰੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ: ਸੁਸ਼੍ਰੀ ਰਿਤੂ ਚਟਲੀ, ਕੰਪਨੀ ਸਕੱਤਰ ਅਤੇ ਕੰਪਲਾਇੰਸ ਅਫਸਰ, ਪੰਜਾਬ ਕੈਮੀਕਲਜ਼ ਐਂਡ ਕ੍ਰੌਪ ਪ੍ਰੋਟੈਕਸ਼ਨ ਲਿਮਿਟਿਡ, ਮਾਈਲਸਟੋਨ 18, ਅੰਬਾਲਾ-ਕਾਲਕਾ ਰੋਡ, ਭਾਂਖਰਪੁਰ, ਡੇਰਾਬੱਸੀ, ਜ਼ਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ) - 140201। ਈ-ਮੇਲ: info@punjabchemicals.com / investorhelp@punjabchemicals.com, ਫ਼ੋਨ: 01762-280086। ਸ਼ੇਅਰਧਾਰਕ ਸ੍ਰੀ ਰਾਕੇਸ਼ ਦਲਵੀ, ਸੀਨੀਅਰ ਮੈਨੇਜਰ, ਸੈਂਟਰਲ ਡਿਪਾਜ਼ਿਟਰੀ ਸਰਵਿਸਿਜ਼ (ਇੰਡੀਆ) ਲਿਮਿਟਡ, ਏ ਵਿੰਗ, 25ਵੀਂ ਮੰਜ਼ਿਲ, ਮੈਰਾਥਨ ਫਿਊਚਰੈਕਸ, ਮਫਤਲਾਲ ਮਿਲਜ਼ ਕੰਪਾਊਂਡ, ਐਨ. ਐਮ. ਜੋਸ਼ੀ ਮਾਰਗ, ਲੋਅਰ ਪਰੇਲ (ਪੂਰਬ), ਮੁੰਬਈ-400013 ਨਾਲ ਸੰਪਰਕ ਕਰ ਸਕਦੇ ਹਨ, ਜਾਂ helpdesk.evoting@cdslindia.com 'ਤੇ ਈਮੇਲ ਭੇਜ ਸਕਦੇ ਹਨ, ਜਾਂ ਟੋਲ-ਫ੍ਰੀ ਨੰਬਰ 1800 21 09911 'ਤੇ ਕਾਲ ਕਰ ਸਕਦੇ ਹਨ।

ਇਸ ਤੋਂ ਇਲਾਵਾ, ਮੈਂਬਰ www.evotingindia.com 'ਤੇ 'ਹੈਲਪ' ਭਾਗ ਵਿੱਚ ਉਪਲਬਧ 'ਅਕਸਰ ਪੁੱਛੇ ਜਾਣ ਵਾਲੇ ਸਵਾਲਾਂ' ਅਤੇ ਈ-ਵੋਟਿੰਗ ਮੈਨੂਅਲ ਨੂੰ ਦੇਖ ਸਕਦੇ ਹਨ, ਜਾਂ helpdesk.evoting@cdslindia.com 'ਤੇ ਈਮੇਲ ਲਿਖ ਸਕਦੇ ਹਨ, ਜਾਂ ਟੋਲ-ਫ੍ਰੀ ਨੰਬਰ 1800 21 09911 'ਤੇ ਸੰਪਰਕ ਕਰ ਸਕਦੇ ਹਨ।

ਸਕਰੂਟਨਾਈਜ਼ਰ (ਜਾਂਚਕਰਤਾ) ਈ-ਵੋਟਿੰਗ ਦੀ ਜਾਂਚ ਪੂਰੀ ਹੋਣ ਤੋਂ ਬਾਅਦ ਆਪਣੀ ਰਿਪੋਰਟ ਕੰਪਨੀ ਦੇ ਚੇਅਰਮੈਨ ਜਾਂ ਚੇਅਰਮੈਨ ਦੁਆਰਾ ਅਧਿਕਾਰਤ ਕਿਸੇ ਹੋਰ ਵਿਅਕਤੀ ਨੂੰ ਸੌਂਪਣਗੇ। ਨਤੀਜਾ 'ਰਿਮੋਟ ਈ-ਵੋਟਿੰਗ' (Remote e-voting) ਸਮਾਪਤ ਹੋਣ ਤੋਂ ਦੋ ਕੰਮਕਾਜੀ ਦਿਨਾਂ ਦੇ ਅੰਦਰ-ਅੰਦਰ ਘੋਸ਼ਿਤ ਕੀਤਾ ਜਾਵੇਗਾ ਅਤੇ ਉਨ੍ਹਾਂ ਸਟਾਕ ਐਕਸਚੇਂਜਾਂ ਨੂੰ ਸੂਚਿਤ ਕੀਤਾ ਜਾਵੇਗਾ ਜਿੱਥੇ ਕੰਪਨੀ ਦੇ ਇਕੁਇਟੀ ਸ਼ੇਅਰ ਸੂਚੀਬੱਧ ਹਨ। ਇਸ ਤੋਂ ਇਲਾਵਾ, ਨਤੀਜਾ ਕੰਪਨੀ ਦੀ ਵੈੱਬਸਾਈਟ www.punjabchemicals.com ਅਤੇ CDSL ਦੀ ਵੈੱਬਸਾਈਟ (www.evotingindia.com) 'ਤੇ ਵੀ ਪ੍ਰਦਰਸ਼ਿਤ ਕੀਤਾ ਜਾਵੇਗਾ।

ਪੰਜਾਬ ਕੈਮੀਕਲਜ਼ ਐਂਡ ਕ੍ਰੌਪ ਪ੍ਰੋਟੈਕਸ਼ਨ ਲਿਮਟਿਡ ਲਈ
ਦਸਤਖਤ/-
ਸਥਾਨ: ਡੇਰਾਬੱਸੀ ਰਿਤੂ ਚਟਲੀ
ਮਿਤੀ: 3 ਨਵੰਬਰ, 2026 ਕੰਪਨੀ ਸਕੱਤਰ ਅਤੇ ਪਾਲਣਾ ਅਧਿਕਾਰੀ
ACS 19932